# ਸਾਂਝੀ ਵਿਰਾਸਤ

ਜਿਲਦ 3 ਅੰਕ 27 | 2024 | 1-ਚੇਤ (14-ਮਾਰਚ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

ਸਾਂਝੀ ਵਿਰਾਸਤ (1-ਚੇਤ / 14-ਮਾਰਚ 2024)

## ਵਿਸ਼ਾ ਸੂਚੀ


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮਹਲਾ 1 | ਪ੍ਰੋਫ਼ੈਸਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮਹਲਾ 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਨਜ਼ਮ- ਕਰ ਮਾਂ ਬੋਲੀ ਨੂੰ ਪਿਆਰ ਮੀਆਂ | ਸਲੀਮ ਆਫ਼ਤਾਬ ਸਲੀਮ ਕਸੂਰੀ | 8 |
| 5. | ਸਿੱਧ ਗੋਸਟਿ ਦਾ ਸਾਰ-ਭਾਗ 3 | ਡਾ. ਸੁਰਜੀਤ ਸਿੰਘ ਭੱਟੀ | 10 |
| 6. | ਪਰਮਾਤਮਾ ਦੀ ਖੋਜ ਕਿਉਂ, ਕਿੱਥੇ ਅਤੇ ਕਿਵੇਂ ਕਰੀਏ ? | ਸਰਦਾਰਨੀ ਦਾਸੀ ਦਵਿੰਦਰ ਕੌਰ ਅਤੇ ਡਾ. ਕਾਬਲ ਸਿੰਘ | 12 |
| 7. | ਪੱਤਾ (ਕਵਿਤਾ) | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 15 |
| 8. | ਕੋਮਲ ਪਰ ਦ੍ਰਿੜ | ਪ੍ਰੋਫੈਸਰ ਮਨਿੰਦਰ ਸਿੰਘ | 16 |
| 9. | ਪਥਰੁ ਪਾਣੀ ਰਖੀਐ ... | ਸਰਦਾਰ ਜਸਵਿੰਦਰ ਸਿੰਘ ਰੁਪਾਲ | 17 |
| 10. | ਕੁਝ ਮਿਆਰੀ ਪੁਸਤਕਾਂ | ਵਿਸ਼ਾ : ਗੁਰਮਤਿ ਸਿਧਾਂਤ | 20 |
| 11. | ਪੰਜਾਬ ਵਿਚ ਵਿਦਿਆ ਦੇ ਮੰਦਭਾਗ: ਭਾਗ-2 | ਡਾ. ਜੈ ਰੂਪ ਸਿੰਘ | 21 |
| 12. | ਨਵਾਂ ਵਰ੍ਹਾ - ਔਰਤਾਂ ਲਈ ਨਵਾਂ ਕੀ ? | ਡਾ. ਹਰਸ਼ਿੰਦਰ ਕੌਰ | 24 |
| 13. | ਰਾਗ ਬਸੰਤ ਕੀਰਤਨ ਦਰਬਾਰ | ਈ-ਦੀਵਾਨ ਸੋਸਾਇਟੀ ਕੈਲਗਰੀ | 27 |
| 14. | ਰੁਤਿ ਸਰਸ ਬਸੰਤ ਮਾਹ ਚੇਤੁ ... | ਗਲੋਬਲ ਸਿੱਖ ਕੌਂਸਿਲ | 30 |
| 15. | ਭਾਈ ਕਾਨ੍ਹ ਸਿੰਘ ਨਾਭਾ ਦੀਆਂ ਡਾਇਰੀਆਂ | ਸਰਦਾਰ ਇਕਬਾਲ ਸਿੰਘ ਲਾਲਪੁਰਾ | 31 |
| 16. | ਸੰਸਾਰ ਭਰ ਵਿਚ ਪੰਜਾਬੀ ਬੋਲੀ ਨੂੰ ਮਾਣ | ਅਮਰੀਕਨ ਸਰਕਾਰ ਦਾ ਐਲਾਨ | 32 |
| 17. | ਮੂਲ ਨਾਨਕਸ਼ਾਹੀ ਕੈਲੰਡਰ (ਸੰਪੂਰਨ) | (ਪਾਲ ਸਿੰਘ ਪੁਰੇਵਾਲ) | 33 |
| 18. | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 36 |
| 19. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 37 |
| 20. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਸਾਂਝੀ ਵਿਰਾਸਤ | 39 |
| 21. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 40 |

## ਸੰਪਾਦਕੀ ਨੋਟ (1-ਚੇਤ / 14-ਮਾਰਚ 2024 ਅੰਕ)

ਨਾਨਕਸ਼ਾਹੀ ਕੈਲੰਡਰ ਅਨੁਸਾਰ 14 ਮਾਰਚ ਤੋਂ ਚੇਤ ਦਾ ਮਹੀਨਾ ਸ਼ੁਰੂ ਹੁੰਦਾ ਹੈ। ਇਸ ਦਿਨ ਗੁਰੂ ਹਰ ਰਾਇ ਸਾਹਿਬ ਦਾ ਗੁਰ-ਗੱਦੀ ਪੁਰਬ ਹੁੰਦਾ ਹੈ। ਚੇਤ ਦੀ 6 ਤਰੀਕ (19 ਮਾਰਚ) ਗੁਰੂ ਹਰਗੋਬਿੰਦ ਸਾਹਿਬ ਦੇ ਜੋਤੀ ਜੋਤਿ ਸਮਾਵਣ ਦਾ ਦਿਵਸ ਹੈ। ਬਸੰਤ ਦਾ ਸੁਹਾਵਨਾ ਸਮਾ ਹੁੰਦਾ ਹੈ। ਸੰਸਾਰ 8 ਮਾਰਚ ਨੂੰ "ਅੰਤਰ-ਰਾਸ਼ਟਰੀ ਮਹਿਲਾ ਦਿਵਸ" ਮਨਾਂਉਦਾ ਹੈ। 'ਈਕੋਸਿੱਖ' (Eco-Sikh) ਵਲੋਂ "ਵਿਸ਼ਵ ਸਿੱਖ ਵਾਤਾਵਰਣ ਦਿਵਸ" ਮਨਾਉਂਦਿਆਂ 14 ਮਾਰਚ ਨੂੰ "ਗੁਰੂ ਨਾਨਕ ਪਵਿੱਤਰ ਜੰਗਲ" ਲਗਾਏ ਜਾਂਦੇ ਹਨ। ਇਨ੍ਹਾਂ ਵਿਚ ਅਜਿਹੇ ਦੁਰਲਭ ਰੁੱਖ ਲਗਾਏ ਜਾਂਦੇ ਹਨ ਜਿਨ੍ਹਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ ਪਰ ਹੁਣ ਅਲੋਪ ਹੋ ਰਹੇ ਹਨ।

21 ਮਾਰਚ ਜੰਗਲ ਬਚਾਉਣ ਅਤੇ ਨਵੇਂ ਜੰਗਲ ਲਗਾਉਣ ਅਤੇ 22 ਮਾਰਚ "ਵਿਸ਼ਵ ਜਲ ਨਿਗਰਾਨੀ ਦਿਵਸ" ਵਜੋਂ ਮਨਾਏ ਜਾਂਦੇ ਹੈ ਤਾਕਿ ਕੁਦਰਤ ਨੂੰ ਪ੍ਰਦੂਸ਼ਣ ਤੋਂ ਬਚਾਇਆ ਜਾ ਸਕੇ।

ਮਾਰਚ ਦੀ 23 ਤਰੀਕ ਅੰਗਰੇਜ਼ਾਂ ਵਲੋਂ ਸ਼ਹੀਦ ਸਰਦਾਰ ਭਗਤ ਸਿੰਘ ਨੂੰ ਦਿੱਤੀ ਗਈ ਫਾਂਸੀ ਸਦਾ ਯਾਦ ਰਖੀ ਜਾਵੇਗੀ। ਇਸੇ ਮਹੀਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲੀ' ਦੇ ਤਿਉਹਾਰ ਨੂੰ 'ਹੋਲਾ-ਮਹੱਲਾ' ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਸੀ। ਦੂਸਰੇ ਇਤਵਾਰ ਰਾਤ ਦੋ ਵਜੇ ਘੜੀਆਂ ਦਾ ਸਮਾ ਇੱਕ ਘੰਟਾ ਵਧਾਂਦੇ ਹਨ **(Spring 'Leap Forward')** ਤਾਕਿ ਲੋਕ ਵਧ ਸਮੇ ਤਕ ਕੰਮ ਕਰ ਸਕਣ। ਇਸ ਮਹੀਨੇ ਮੁਸਲਮਾਨ ਲੋਕ ਰੋਜ਼ੇ ਰਖਦੇ ਹਨ।

ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ, ਵਿਰਾਸਤ, ਚੰਗੀ ਸਿਹਤ ਜਾਂ ਵਿੱਦਿਆ ਬਾਰੇ ਲੇਖ (ਜਾਂ ਮਿੰਨੀ ਕਹਾਣੀਆਂ, ਕਵਿਤਾਵਾਂ ਜਾਂ ਪੰਜਾਬੀ ਪੁਸਤਕ ਸਮੀਖਿਆਵਾਂ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਰਾਜਨੀਤਿਕ ਜਾਂ ਕਿਸੇ ਵੀ ਤਰ੍ਹਾਂ ਦੇ ਵਿਵਾਦਾਂ ਵਿਚ ਗ੍ਰਸਤ ਵਿਅਕਤੀ ਬਾਰੇ ਨਾ ਹੋਣ। ਰਚਨਾਵਾਂ ਸਾਡੇ ਐਡੀਟੋਰੀਅਲ ਬੋਰਡ ਤੋਂ ਪਰਵਾਨਗੀ ਉਪਰੰਤ ਹੀ ਛਪਣਗੀਆਂ। ਸਾਡਾ ਮੰਤਵ ਕੇਵਲ ਨਰੋਏ ਸਮਾਜ ਅਤੇ ਭਾਈਚਾਰੇ ਲਈ ਲੇਖ ਅਤੇ ਕਾਵਿਕ ਵਿਚਾਰ ਪਾਠਕਾਂ ਤਕ ਪੁਚਾਣਾ ਹੈ।

ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ' ਹਰ ਅੰਕ ਵਿਚ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (*sanjhivirasat.org*) ਤੋਂ ਵੀ ਮਿਲ ਸਕਦੀ ਹੈ। ਰਚਨਾਵਾਂ ਦੋ ਪਨਿੰਆਂ (ਵਧ ਤੋਂ ਵਧ 800 ਸ਼ਬਦਾਂ) ਤਕ ਦੀਆਂ ਹੀ ਹੋਣ। ਇਸ ਤੋਂ ਲੰਬੇ ਪਰਵਾਨਿਤ ਲੇਖ (ਇਸ ਵੈਬਸਾਈਟ ਦੇ) ਬਲੌਗ ਉਤੇ ਪਾਏ ਜਾਂਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾਂਦੇ ਹਨ। ਲੇਖਕ / ਕਵੀ (ਜੇ ਉਹ ਚਾਹੁਣ ਤਾਂ) ਆਪਣੀ ਫੋਟੋ ਵੀ ਭੇਜ ਸਕਦੇ ਹਨ। ਆਪਣਾ ਈ-ਮੇਲ ਪਤਾ, ਵੱਟਸਐਪ ਜਾਂ ਫੋਨ ਨੰਬਰ, ਸ਼ਹਿਰ ਦਾ ਨਾਂ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਭੇਜਣੀ ਜ਼ਰੂਰੀ ਹੈ ਜੀ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ।

(ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ
ਮੁਖ ਸੰਪਾਦਕ, ਸਾਂਝੀ ਵਿਰਾਸਤ
**(surjitsinghbhatti@gmail.com)**

## ਚੇਤ ਦੇ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1
ੴ ਸਤਿਗੁਰ ਪ੍ਰਸਾਦਿ॥
ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥੫॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1108)

**ਵਿਆਖਿਆ** : ਚੇਤ 'ਬਸੰਤ' ਦਾ ਮਹੀਨਾ ਹੈ ਜਦੋਂ ਬਨਸਪਤੀ ਪੂਰੇ ਜੋਬਨ ਵਿਚ ਹੁੰਦੀ ਹੈ। ਬਿਰਛਾਂ ਦੀਆ ਟਹਿਣੀਆਂ ਹਰੇ ਪਤਿਆਂ ਦਾ ਸ਼ਿੰਗਾਰ ਕਰਦੀਆਂ ਹਨ। ਖਿੜੇ ਹੋਏ ਫੁੱਲਾਂ ਉਤੇ ਭੰਵਰੇ ਮੰਡਰਾਉਂਦੇ ਹਨ। ਕੁਦਰਤ ਦੇ ਇਸ ਮਨਮੋਹਣੇ ਦ੍ਰਿਸ਼ ਸਮੇ ਸਤਿਗੁਰਾਂ ਨੇ ਜੀਵ ਇਸਤ੍ਰੀ ਦੇ ਆਪਣੇ ਪ੍ਰਭੂ ਪਤੀ ਦੇ ਵਿਛੋੜੇ ਦੀ ਵੇਦਨਾ ਦਰਸਾਈ ਹੈ। ਉਹ ਪਿਆਰੇ ਪ੍ਰਭੂ ਦੇ ਹਿਰਦੇ ਰੂਪੀ ਘਰ ਵਿਚ ਆ ਵੱਸਣ ਦੀ ਜਾਚਨਾ ਕਰਦੀ ਹੈ, ਜਿਸ ਦੇ ਨਾ ਆਉਣ ਤੇ ਆਤਿਮਕ ਆਨੰਦ ਨਹੀਂ ਮਿਲਦਾ ਹੈ। ਇਸ ਵਛੋੜੇ ਕਰਕੇ ਸਰੀਰ ਪੀੜਤ ਹੁੰਦਾ ਹੈ। ਅੰਬ ਦੇ ਬਿਰਛ ਤੇ ਬੈਠੀ ਕੋਇਲ ਦੀ ਮਿੱਠੀ ਆਵਾਜ਼ ਸੁਣਕੇ ਹਿਰਦੇ ਵਿਚ ਵਿਛੋੜੇ ਦੇ ਦਰਦ ਦੀ ਚੀਸ ਉਠਦੀ ਹੈ। ਭਵਰੇ ਦੇ ਫੁੱਲਾਂ ਤੇ ਮੰਡਰਾਉਣ ਵਾਂਗ ਮਨ ਦੁਨੀਆ ਦੇ ਰੰਗ ਤਮਾਸ਼ਿਆਂ ਵਿਚ ਭੌਂਦਾ ਫਿਰਦਾ ਹੈ ਪਰ ਪ੍ਰਭੂ ਵਿਛੋੜਾ ਮੌਤ ਵਰਗਾ ਹੈ, ਜਿਸ ਕਰਕੇ ਜੀਣਾਂ ਮੁਹਾਲ ਹੈ। ਜੇਕਰ ਜੀਵ ਇਸਤ੍ਰੀ ਦੇ ਹਿਰਦੇ ਰੂਪੀ ਘਰ ਵਿਚ ਪ੍ਰਭੂ ਪਤੀ ਆ ਜਾਵੇ ਤਾਂ ਉਸਨੂੰ ਆਤਮਿਕ ਆਨੰਦ ਦੀ ਪ੍ਰਾਪਤੀ ਹੋ ਜਾਵੇਗੀ।



ਪ੍ਰੋਫ਼ੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1
ੴ ਸਤਿਗੁਰ ਪ੍ਰਸਾਦਿ॥
ਕਾਵਿਕ ਵਿਆਖਿਆ
ਇੰਜੀਨੀਅਰ ਕਰਮਜੀਤ ਸਿੰਘ ਨੂਰ, ਜਲੰਧਰ

ਚੇਤ ਦੇ ਮਹੀਨੇ ਵਿੱਚ ਖਿੜਦੀ ਬਸੰਤ ਸੋਹਣੀ
ਬੜੀ ਚੰਗੀ ਲੱਗਦੀ ਹੈ ਰੁੱਤ ਇਹ ਬਹਾਰ ਦੀ।
ਫੁੱਲਾਂ ਉੱਤੇ ਬੈਠੇ ਭੌਰੇ ਕਿੰਨੇ ਸੋਹਣੇ ਲੱਗਦੇ ਨੇ
ਵਸਲ ਦੀ ਇਹ ਰੁੱਤ ਪ੍ਰਤੀਕ ਹੈ ਪਿਆਰ ਦੀ।
ਜੰਗਲਾਂ ਤੇ ਬੇਲਿਆਂ 'ਚ ਖਿੜ ਗਏ ਨੇ ਵੇਲ ਬੂਟੇ
ਵਨਸਪਤੀ ਖਿੜ ਖਿੜ ਧਰਤ ਨੂੰ ਸ਼ਿੰਗਾਰਦੀ।
ਮੇਰੇ ਵੀ ਜੇ ਹਿਰਦੇ ’ਚ ਪ੍ਰਭੂ ਪਤੀ ਆਣ ਵਸੇ
ਖਿੜ ਜਾਵਾਂ ਮੈਂ ਵੀ ਜੀਵ ਇਸਤਰੀ ਪੁਕਾਰਦੀ।
ਘਰ ਜੇ ਨਾ ਆਵੇ ਪ੍ਰਭੂ ਪਤੀ ਜੀਵ ਇਸਤਰੀ ਦਾ
ਫੇਰ ਭਲਾ ਓਸ ਨੂੰ ਆਨੰਦ ਕਿਵੇਂ ਆਵੇਗਾ।
ਪਤੀ ਦੇ ਵਿਛੋੜੇ ਵਿੱਚ ਦੁਖੀ ਹੁੰਦੀ ਰਹੇਗੀ ਉਹ
ਉਸ ਦਾ ਸਰੀਰ ਕਮਜ਼ੋਰ ਹੁੰਦਾ ਜਾਵੇਗਾ।
ਅੰਬ ਦੇ ਦਰੱਖਤ ਉੱਤੇ ਕੋਇਲ ਜਾਂ ਬੋਲਦੀ ਹੈ
ਮਿੱਠੇ ਮਿੱਠੇ ਬੋਲ ਉਹਦੇ ਲੱਗਦੇ ਪਿਆਰੇ ਨੇ।
ਐਪਰ ਵਿਜੋਗਨ ਨੂੰ ਉਹ ਵੀ ਚੰਗੇ ਲੱਗਦੇ ਨਹੀਂ
ਉਹਦੇ ਦੁਖੀ ਹਿਰਦੇ ਤੋਂ ਜਾਂਦੇ ਨਾ ਸਹਾਰੇ ਨੇ।
ਮਨ ਭੌਰਾ ਫਿਰੇ ਭਾਉਂਦਾ ਹੋਰ ਫੁੱਲਾਂ ਡਾਲੀਆਂ ਤੇ
ਅੰਦਰਲੇ ਖਿੜੇ ਹੋਏ ਕਮਲ ਨੂੰ ਵਿਸਾਰ ਕੇ।
ਐ ਮੇਰੀ ਮਾਏ ਇਹ ਵੀ ਜੀਣ ਕੋਈ ਜੀਣ ਥੋੜਾ
ਆਤਮਿਕ ਮੌਤ ਆਪੇ ਆਪਣੇ ਨੂੰ ਮਾਰ ਕੇ।
ਨਾਨਕ ਜੀ ਆਖਦੇ ਨੇ ਚੇਤ ਦੇ ਮਹੀਨੇ ਵਿੱਚ
ਉਹੀ ਸੁਖ ਪਾਉਂਦੀ ਅਤੇ ਮਾਣਦੀ ਬਸੰਤ ਨੂੰ।
'ਨੂਰ' ਜੀਵ ਇਸਤਰੀ ਜੋ ਹਿਰਦੇ ਚੋਂ ਆਪਣੇ ਹੀ
ਲੱਭ ਲੈਂਦੀ ਆਪਣੇ ਪ੍ਰਭੂ ਪਤੀ ਕੰਤ ਨੂੰ।

ਬਾਰਹ ਮਾਹਾ ਮਾਂਝ ਮਹਲਾ ੫

ਚੇਤ ਦੇ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ ॥

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥ ਅੰਗ-133॥

ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਚੇਤਰ ਦੇ ਇਸ ਮਹੀਨੇ ਰਾਹੀਂ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਸੁਚੇਤ ਕਰਦੇ ਹੋਏ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਇਸ ਠੰਡੀ ਤੇ ਮਿੱਠੀ ਰੁੱਤ ਵਿਚ ਪ੍ਰਮਾਤਮਾ ਦੀ ਯਾਦ ਵਿਚ ਜੁੜੀਏ ਤਾਂ ਹੋਰ ਵੀ ਜ਼ਿਆਦਾ ਅਨੰਦ ਆਉਂਦਾ ਹੈ। ਜਿਸ ਨੇ ਨਾਮ ਜਪ ਕੇ ਪ੍ਰਭੂ ਪ੍ਰਮਾਤਮਾ ਨੂੰ ਪਾ ਲਿਆ ਹੈ ਉਸ ਦਾ ਮਨੁੱਖਾ ਜਨਮ ਸਫ਼ਲਾ ਗਿਣਿਆ ਜਾ ਸਕਦਾ ਹੈ। ਨਹੀਂ ਤਾਂ ਇਹ ਜਨਮ ਵਿਅਰਥ ਹੈ। ਪ੍ਰਭੂ ਦਾ ਚਿੱਤ ਵਿਚੋਂ ਵਿਸਰ ਜਾਣਾ ਹੀ ਜੀਵ ਲਈ ਸਭ ਤੋਂ ਵੱਡਾ ਦੁੱਖ ਹੈ। ਸਾਡੇ ਮਨ ਨੂੰ ਉਸ ਦੇ ਦਰਸ਼ਨ ਦੀ ਪਿਆਸ ਲੱਗਣੀ ਚਾਹੀਦੀ ਹੈ ਅਤੇ ਉਸ ਦੇ ਮਿਲਾਪ ਲਈ ਯਤਨ ਕਰਨਾ ਚਾਹੀਦਾ ਹੈ।

’

ਬਾਰਹ ਮਾਹਾ ਮਾਂਝ ਮਹਲਾ ੫

ਚੇਤ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ ਜਲੰਧਰ

ਚੇਤ ਦੇ ਮਹੀਨੇ ਵਿਚ ਆਉਂਦਾ ਹੈ ਅਨੰਦ ਬੜਾ,
ਜਦੋਂ ਵੀ ਗੋਬਿੰਦ ਨੂੰ ਧਿਆਈਦਾ ।
ਜੀਭਾ ਨਾਲ ਜਪ ਜਪ ਨਾਮ ਪਰਮਤਮਾ ਦਾ,
ਸੰਤਾਂ ਦੀ ਸੰਗਤ ਚੋਂ ਪਾਈਦਾ ।
ਪਾ ਲਿਆ ਹੈ ਏਸ ਤਰਾਂ ਜਿਹਨੇ ਪ੍ਰਭੂ ਆਪਣੇ ਨੂੰ,
ਓਸ ਦਾ ਹੀ ਆਉਣਾ ਕਿਸੇ ਅਰਥ ਹੈ ।
ਇਕ ਪਲ ਜੀਣ ਵੀ ਕੀਹ ਜੀਣ ਹੈ ਪਿਆਰੇ ਬਿਨਾ,
ਜਾਣੋ ਜਿਵੇਂ ਜਨਮ ਹੀ ਵਿਆਰਥ ਹੈ ।
ਧਰਤੀ ਆਕਾਸ਼ ਤੇ ਪਤਾਲ ਚ ਹੈ ਵਾਸ ਜਿਹਦਾ,
ਵਣਸਪਤੀ ਵਿਚ ਜੋ ਸਮਾਇਆ ਹੈ ।
ਕਿੱਡਾ ਹੈ ਦੁਖਾਂਤ ਹਾਏ ! ਮੇਰੇ ਮਨਾ ਐਸਾ ਪ੍ਰਭੂ,
ਤੈਨੂੰ ਕਦੇ ਚੇਤੇ ਵੀ ਨਾ ਆਇਆ ਹੈ ।
ਕਿੰਨੇ ਭਾਗਾਂ ਵਾਲੇ ਨੇ ਉਹ ਜੀਵ ਏਸ ਜੱਗ ਉਤੇ,
ਜਪਿਆ ਹੈ ਜਿਹਨਾਂ ਕਰਤਾਰ ਨੂੰ ।
ਲੱਗੀ ਹੈ ਪਿਆਸ ਡਾਢੀ ਨਾਨਕ ਦਾ ਮਨ ਪਿਆ
ਲੋਚਦਾ ਹੈ ਪ੍ਰਭੂ ਦੇ ਦੀਦਾਰ ਨੂੰ ।
ਚੇਤ ਦੇ ਮਹੀਨੇ ਰਾਹੀਂ ਨਾਨਕ ਜੀ ਆਖਦੇ ਨੇ,
ਕੋਈ ਮੇਰੀ ਪਿਆਸ ਨੂੰ ਬੁਝਾ ਦਵੇ ।
ਕਰ ਦੇਵਾਂ ਆਪਾ ਉਹਦੇ ਚਰਣਾਂ ਚ’ ਭੇਂਟ ’ਨੂਰ’,
ਜਿਹੜਾ ਮੈਨੂੰ ਪ੍ਰਭੂ ‘ਨਾ’ ਮਿਲਾ ਦਵੇ ।

ਕਾਵਿਕ
ਵਿਆਖਿਆਕਾਰ



Please watch devotion of Sindhis

https://www.youtube.com/watch?v=VHZGmjkBCwY

## ਕਰ ਮਾਂ ਬੋਲੀ ਨੂੰ ਪਿਆਰ ਮੀਆਂ

ਸਲੀਮ ਆਫ਼ਤਾਬ ਸਲੀਮ ਕਸੂਰੀ
ਕਸੂਰ (ਪੱਛਮੀ ਪੰਜਾਬ)



ਘਰ ਇੰਗਲਿਸ਼ ਉਰਦੂ ਬੋਲਦੇ ਨੇ
ਮਾਂ ਬੋਲੀ ਪੈਰੀਂ ਰੋਲਦੇ ਨੇ
ਇਹਦੇ ਲਈ ਮੂੰਹ ਨਾਂ ਖੋਲ੍ਹਦੇ ਨੇ
ਕਦ ਕਰ ਦੇ ਸੋਚ ਵਿਚਾਰ ਮੀਆਂ
ਕਰ ਮਾਂ ਬੋਲੀ ਨੂੰ ਪਿਆਰ ਮੀਆਂ

ਮਾਂ ਬੋਲੀ ਸੋਹਣੀ ਸੱਚੀ ਏ
ਸਾਡੇ ਲਹੂ ਦੇ ਵਿੱਚ ਰੱਚੀ ਏ
ਜ਼ਾਲਿਮ ਦੇ ਹੱਥੀਂ ਨੱਚੀ ਏ
ਉਮਰਾਂ ਦਾ ਕਰਜ਼ ਉਤਾਰ ਮੀਆਂ
ਕਰ ਮਾਂ ਬੋਲੀ ਨੂੰ ਪਿਆਰ ਮੀਆਂ

ਮਾਂ ਬੋਲੀ ਰੂਪ ਨਿਆਰੇ ਨੇ
ਵਿੱਚ ਵਾਰਸ ਬੁੱਲ੍ਹਾ ਪਿਆਰੇ ਨੇ
ਸੱਭ ਚਮਕਣ ਵਾਂਗ ਸਿਤਾਰੇ ਨੇ
ਇਹ ਜੱਗ ਦਾ ਬਣ ਅੰਵਾਰ ਮੀਆਂ
ਕਰ ਮਾਂ ਬੋਲੀ ਨੂੰ ਪਿਆਰ ਮੀਆਂ

ਵਿੱਚ ਮਾਧੋ ਹੁਸੈਨ ਦੀ ਮਸਤੀ ਏ
ਵਿੱਚ ਬਾਬੇ ਫ਼ਰੀਦ ਦੀ ਹਸਤੀ ਏ
ਵਿੱਚ ਨਾਨਕ ਦੀ ਬਸਤੀ ਏ
ਧਰਤੀ ਦਾ ਸੀਨਾ ਠਾਰ ਮੀਆਂ
ਕਰ ਮਾਂ ਬੋਲੀ ਨੂੰ ਪਿਆਰ ਮੀਆਂ

ਜਿਸ ਮਾਂ ਅਪਣੀ ਨੂੰ ਸਤਾਇਆ ਏ
ਕਦ ਰੁਤਬਾ ਜੱਗ ਤੇ ਪਾਇਆ ਏ
ਸੋਹਣੇ ਰੱਬ ਨੇ ਵੀ ਫ਼ਰਮਾਇਆ ਏ
ਬਣ ਮਾਂ ਲਈ ਚੈਨ ਕਰਾਰ ਮੀਆਂ
ਕਰ ਮਾਂ ਬੋਲੀ ਨੂੰ ਪਿਆਰ ਮੀਆਂ

ਵਿੱਚ ਰਾਂਝੇ ਵੰਝਲੀ ਵਜਾਂਦੇ ਨੇ
ਢੋਲੇ ਮਾਹੀਏ ਵੀ ਗਾਂਦੇ ਨੇ
ਪਿਪਲੀ ਤੇ ਪੀਂਘਾਂ ਪਾਂਦੇ ਨੇ
ਇਸ਼ਕੇ ਦਾ ਕਰਣ ਇਜ਼ਹਾਰ ਮੀਆਂ
ਕਰ ਮਾਂ ਬੋਲੀ ਨੂੰ ਪਿਆਰ ਮੀਆਂ

ਵਿੱਚ ਖੂਹ ਖਲਿਆਣ ਸਵੇਰਾ ਏ
ਵਿੱਚ ਛਨ ਛਨਕਾਰ ਬਥੇਰਾ ਏ
ਹਰ ਪਾਸੇ ਫ਼ਿਰ ਹਨੇਰਾ ਏ
ਵਧ ਅੱਗੇ ਫੜ ਮੁਹਾਰ ਮੀਆਂ
ਕਰ ਮਾਂ ਬੋਲੀ ਨੂੰ ਪਿਆਰ ਮੀਆਂ

ਮਾਂ ਬੋਲੀ ਉੱਚ ਸਰਮਾਇਆ ਏ
ਅੱਸਾਂ ਹੱਥੀਂ ਆਪ ਗੁਵਾਇਆ ਏ
ਗ਼ੈਰਾਂ ਥੀਂ ਸੀਸ ਨਿਵਾਇਆ ਏ
ਕਰ ਲੇਖ ਸਲੀਮ ਤਲਵਾਰ ਮੀਆਂ
ਕਰ ਮਾਂ ਬੋਲੀ ਨੂੰ ਪਿਆਰ ਮੀਆਂ


ਮਾਸਟਰ ਸਿਆਸਿਆਤ
ਸਦਰ ਅੰਜੁਮਨ ਸ਼ੇਅਰ ਓ ਅਦਬ ਕਸੂਰ
ਸੈਕਟਰੀ ਬੁੱਲ੍ਹੇ ਸ਼ਾਹ ਅਦਬੀ ਸੰਗਤ ਕਸੂਰ
ਸ਼ਾਇਰ, ਲੇਖਕ, ਕਹਾਣੀ ਕਾਰ ਅਤੇ
ਪੰਜਾਬੀ ਅਨੁਵਾਦਕ
ਤਿਨ ਪੰਜਾਬੀ ਕਿਤਾਬਾਂ
ਸ਼ਾਇਰੀ, ਕਹਾਣੀ
ਅਖ਼ਬਾਰੀ ਕਾਲਮ ਆਫ਼ਤਾਬ ਨਾਮੇ
ਸਲੀਮ ਆਫ਼ਤਾਬ ਸਲੀਮ ਕਸੂਰੀ
ਕੋਟ ਪੀਰਾਂ ਸ਼ਹਿਰ ਕਸੂਰ (ਲਹਿੰਦਾ ਪੰਜਾਬ)


---

ਪਰਵਾਸੀ ਪੁੱਤਰੋ- ਆਓ ਤੁਹਾਨੂੰ ਪੰਜਾਬ ਦੇ ਪਿੰਡਾਂ ਦਾ ਹਾਲ ਸੁਣਾਵਾਂ!

Lecture on The Sikh Environment Day

# ਸਿੱਧ ਗੋਸਟਿ ਦਾ ਸਾਰ (ਭਾਗ – 3)

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

(ਇਸ ਲੜੀ ਦੇ ਪਹਿਲੇ ਭਾਗ ਆਪ ਜਨਵਰੀ ਅਤੇ ਫਰਵਰੀ 2024 ਦੇ ਅੰਕਾਂ ਵਿਚ ਪੜ੍ਹ ਸਕਦੇ ਹੋ ਜੀ)

ਸਿੱਧਾਂ ਦਾ ਇਹ ਵਿਸ਼ਵਾਸ ਸੀ ਕਿ ਸਿੱਧੀਆਂ ਨਾਲ ਮੁਕਤੀ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਕਿਹਾ ਕਿ ਸੰਸਾਰ ਵਿੱਚ ਈਮਾਨਦਾਰੀ ਨਾਲ ਕਮਾਈ ਕਰ ਕੇ, ਲੋੜਵੰਦਾਂ ਦੀ ਮਦਦ ਕਰ ਕੇ ਅਤੇ ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰਖਿੱਆਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪਵਿੱਤਰਤਾ ਅਤੇ ਮੁਕਤੀ ਸੱਚੇ ਸ਼ਬਦ ਦੇ ਬਗ਼ੈਰ ਨਹੀਂ ਮਿਲਦੇ। ਹੋਰ ਸਭ ਭਟਕਣਾਂ ਹਨ। ਸਿੱਧਾਂ ਦੇ ਪੁਛੇ ਗਏ ਕੁਝ ਪ੍ਰਸ਼ਨ ਅਤੇ ਗੁਰੂ ਸਾਹਿਬ ਵਲੋਂ ਦਿੱਤੇ ਉਤੱਰ ਇਸ ਲੜੀ ਵਿਚ ਸ਼ਾਮਲ ਹਨ।

ਗੁਰੂ ਸਾਹਿਬ ਨੇ ਸਿੱਧਾਂ ਨੂੰ ਕਿਹਾ : ਝੂਠੇ ਲੋਕ ਆਉਂਦੇ ਹਨ ਪਰ ਉਨ੍ਹਾਂ ਨੂੰ ਆਰਾਮ ਦੀ ਕੋਈ ਥਾਂ ਨਹੀਂ ਲੱਭਦੀ। ਦਵੈਤ ਵਿਚ ਉਹ ਆਉਂਦੇ ਅਤੇ ਜਾਂਦੇ ਹਨ। ਇਹ ਆਉਣਾ-ਜਾਣਾ ਗੁਰੂ ਦੇ ਸ਼ਬਦ ਦੁਆਰਾ ਖਤਮ ਹੋ ਜਾਂਦਾ ਹੈ। ਸੁਆਮੀ ਆਪ ਹੀ ਪੜਚੋਲ ਕਰਦਾ ਹੈ ਅਤੇ ਆਪਣੀ ਮਾਫੀ ਬਖਸ਼ਦਾ ਹੈ। ਜੋ ਦਵੈਤ-ਭਾਵ ਦੇ ਰੋਗ ਤੋਂ ਗ੍ਰਸਤ ਹੁੰਦਾ ਹੈ, ਉਹ ਅੰਮ੍ਰਿਤ ਦੇ ਸੋਮੇ ਨਾਮ ਨੂੰ ਭੁੱਲ ਜਾਂਦਾ ਹੈ। ਕੇਵਲ ਉਹੀ ਸਮਝਦਾ ਹੈ ਜਿਸ ਨੂੰ ਪ੍ਰਭੂ ਸਮਝਣ ਲਈ ਪ੍ਰੇਰਦਾ ਹੈ। ਗੁਰਾਂ ਦੇ ਉਪਦੇਸ਼ ਦੁਆਰਾ ਬੰਦਾ ਮੁਕਤ ਹੋ ਜਾਂਦਾ ਹੈ। ਮੁਕਤੀਦਾਤਾ ਉਸ ਨੂੰ ਮੁਕਤ ਕਰਦਾ ਹੈ ਜੋ ਹੰਕਾਰ ਅਤੇ ਦਵੈਤ-ਭਾਵ ਨੂੰ ਬਾਹਰ ਕੱਢਦਾ ਹੈ। ਆਪ-ਹੁਦਰੇ ਮਨਮੁਖ ਕੁਰਾਹੇ ਪੈ ਜਾਂਦੇ ਹਨ, ਪਰ ਗੁਰਮੁਖਿ ਮੋਖ ਦਾ ਦਰਵਾਜਾ ਲਭ ਲੈਂਦਾ ਹੈ। ਗੁਰਮੁਖਿ ਉਪਦੇਸ਼ ਕਰਦਾ ਹੈ, ਆਪਣੇ ਪਰਵਾਰ ਵਿਚ ਆਤਮਕ ਜੀਵਨ ਬਤੀਤ ਕਰਦਾ ਹੈ।

ਗੁਰਮੁਖ ਪਿਆਰ ਨਾਲ ਨਾਮ ਦਾ ਸਿਮਰਨ ਕਰਦਾ ਹੈ। ਗੁਰਮੁਖ ਸ਼ਬਦ ਅਤੇ ਨੇਕ ਆਚਰਨ ਨੂੰ ਪਾ ਲੈਂਦਾ ਹੈ। ਉਹ ਸ਼ਬਦ ਦੇ ਭੇਤ ਨੂੰ ਜਾਣਦਾ ਹੈ, ਅਤੇ ਦੂਜਿਆਂ ਨੂੰ ਇਸ ਨੂੰ ਜਾਣਨ ਲਈ ਪ੍ਰੇਰਦਾ ਹੈ। ਆਪਣੀ ਹਉਮੈ ਨੂੰ ਸਾੜ ਕੇ, ਉਹ ਪ੍ਰਭੂ ਵਿੱਚ ਲੀਨ ਹੋ ਜਾਂਦਾ ਹੈ।

ਸੱਚੇ ਸੁਆਮੀ ਨੇ ਗੁਰਮੁਖਾਂ ਦੀ ਖ਼ਾਤਰ ਧਰਤੀ ਦੀ ਰਚਨਾ ਕੀਤੀ ਹੈ। ਉੱਥੇ ਉਸਨੇ ਸ੍ਰਿਸ਼ਟੀ ਅਤੇ ਵਿਨਾਸ਼ ਦੀ ਖੇਡ ਨੂੰ ਚਲਾਇਆ ਹੈ। ਜੇਹੜਾ ਮਨੁੱਖ ਗੁਰਾਂ ਦੇ ਉਪਦੇਸ਼ ਨਾਲ ਭਰਪੂਰ ਹੁੰਦਾ ਹੈ, ਉਹ ਪ੍ਰਭੂ ਨਾਲ ਪਿਆਰ ਪਾ ਲੈਂਦਾ ਹੈ। ਸੱਚ ਨਾਲ ਰੰਗਿਆ ਹੋਇਆ ਮਨੁੱਖ ਇੱਜ਼ਤ ਨਾਲ ਆਪਣੇ ਘਰ ਜਾਂਦਾ ਹੈ। ਸੱਚੇ ਸ਼ਬਦ ਬਾਝੋਂ ਕਿਸੇ ਨੂੰ ਇੱਜ਼ਤ ਨਹੀਂ ਮਿਲਦੀ। ਨਾਮ ਦੇ ਬਾਝੋਂ ਕੋਈ ਸੱਚ ਵਿੱਚ ਕਿਵੇਂ ਲੀਨ ਹੋ ਸਕਦਾ ਹੈ?

ਗੁਰਮੁਖ ਅੱਠ ਕਰਾਮਾਤੀ ਆਤਮਕ ਸ਼ਕਤੀਆਂ ਅਤੇ ਸਾਰੀ ਸਿਆਣਪ ਪ੍ਰਾਪਤ ਕਰ ਲੈਂਦਾ ਹੈ। ਗੁਰਮੁਖ ਡਰਾਉਣੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਅਤੇ ਸੱਚੀ ਸੂਝ ਪ੍ਰਾਪਤ ਕਰ ਲੈਂਦਾ ਹੈ। ਗੁਰਮੁਖ ਸੱਚ ਅਤੇ ਅਸੱਤ ਦੇ ਰਾਹਾਂ ਨੂੰ ਜਾਣਦਾ ਹੈ। ਉਹ ਸੰਸਾਰਕਤਾ ਅਤੇ ਤਿਆਗ ਨੂੰ ਜਾਣਦਾ ਹੈ, ਖੁਦ ਸੰਸਾਰ ਸਾਗਰ ਤੋਂ ਪਾਰ ਉਤਰ ਜਾਂਦਾ ਹੈ, ਅਤੇ ਹੋਰਨਾਂ ਨੂੰ ਵੀ ਪਾਰ ਉਤਾਰਦਾ ਹੈ। ਗੁਰਮੁਖ ਸ਼ਬਦ ਦੁਆਰਾ ਮੁਕਤ ਹੋ ਜਾਂਦਾ ਹੈ। ਪ੍ਰਭੂ ਦੇ ਨਾਮ ਨਾਲ ਹੰਕਾਰ ਦੂਰ ਹੁੰਦਾ ਹੈ।

ਨਾਮ ਵਿਚ ਰੰਗੇ ਹੋਏ ਸੱਚੇ ਲੋਕ ਪ੍ਰਭੂ ਵਿਚ ਲੀਨ ਰਹਿੰਦੇ ਹਨ। ਉਹ ਸੱਚੇ ਯੋਗ ਦੇ ਮਾਰਗ ਦਾ ਚਿੰਤਨ ਕਰਦੇ ਹਨ ਅਤੇ ਪ੍ਰਭੂ ਦੇ ਨਾਮ ਨਾਲ ਰੰਗ ਕੇ ਮੁਕਤੀ ਦਾ ਦਰਵਾਜ਼ਾ ਪਾ ਲੈਂਦੇ ਹਨ। ਨਾਮ ਨਾਲ ਰੰਗੇ ਹੋਏ ਤਿੰਨਾਂ ਜਹਾਨਾਂ ਨੂੰ ਸਮਝਦੇ ਹਨ। ਨਾਮ ਨਾਲ ਸਦੀਵੀ ਸੁਖ ਅਤੇ ਆਰਾਮ ਪ੍ਰਾਪਤ ਹੁੰਦਾ ਹੈ। ਨਾਮ ਨਾਲ ਰੰਗ ਕੇ ਹੀ ਸਿੱਧ ਗਿਆਨ ਪ੍ਰਾਪਤ ਕਰਦੇ ਹਨ। ਨਾਮ ਨਾਲ ਰੰਗੇ ਹੋਏ ਸਦਾ ਸਿਮਰਨ ਦਾ ਅਭਿਆਸ ਕਰਦੇ ਹਨ। ਉਹ ਸੱਚਾ ਅਤੇ ਉੱਤਮ ਜੀਵਨ ਬਤੀਤ ਕਰਦੇ ਹਨ। ਉਹ ਪ੍ਰਭੂ ਦੇ ਗੁਣਾਂ ਅਤੇ ਆਤਮਕ ਗਿਆਨ ਦਾ ਚਿੰਤਨ ਕਰਦੇ ਹਨ। ਨਾਮ ਦੇ ਬਾਝੋਂ ਜੋ ਕੁਝ ਬੋਲਿਆ ਜਾਂਦਾ ਹੈ ਉਹ ਵਿਅਰਥ ਹੈ। ਨਾਮ ਨਾਲ ਰੰਗੇ ਹੋਏ ਦੀ ਜਿੱਤ ਦਾ ਜਸ਼ਨ ਮਨਾਇਆ ਜਾਂਦਾ ਹੈ। ਪੂਰਨ ਗੁਰਾਂ ਦੇ ਰਾਹੀਂ ਮਨੁੱਖ ਹਰਿ-ਨਾਮ ਦੀ ਪ੍ਰਾਪਤੀ ਕਰਦਾ ਹੈ।

ਯੋਗ ਦਾ ਤਰੀਕਾ ਸੱਚ ਵਿੱਚ ਲੀਨ ਰਹਿਣਾ ਹੈ। ਯੋਗੀ ਯੋਗ ਦੇ ਬਾਰਾਂ ਢੰਗਾਂ ਵਿੱਚ ਭਟਕਦੇ ਹਨ; ਅਤੇ ਚਾਰ ਢੰਗਾਂ ਵਿੱਚ ਸੰਨਿਆਸੀ ਭਟਕਦੇ ਹਨ। ਜੋ ਜੀਉਂਦੇ ਜੀ ਮਨ ਨੂੰ ਮਾਰ ਲੈਂਦਾ ਹੈ, ਉਹ ਗੁਰਾਂ ਦੇ ਉਪਦੇਸ਼ ਦੁਆਰਾ ਮੁਕਤੀ ਦਾ ਦਰਵਾਜ਼ਾ ਪਾ ਲੈਂਦਾ ਹੈ।

ਸ਼ਬਦ ਤੋਂ ਬਿਨਾ ਸਾਰੇ ਦਵੈਤ-ਭਾਵ ਨਾਲ ਜੁੜੇ ਹੋਏ ਹਨ। ਇਸ ਨੂੰ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖੋ। ਪ੍ਰਭੂ ਦੇ ਦਰਬਾਰ ਅੰਦਰ ਗੁਰਮੁਖ ਉਸ ਸਦੀਵੀ ਸੱਚੇ ਦੀ ਸਿਫ਼ਤ-ਸਾਲਾਹ ਅੰਦਰ ਲੀਨ ਰਹਿੰਦਾ ਹੈ। ਗੁਰਮੁਖ ਪਵਿੱਤਰ ਪ੍ਰਭੂ ਦੇ ਨਾਮ ਨੂੰ ਪਾ ਲੈਂਦੇ ਹਨ। ਸ਼ਬਦ ਦੁਆਰਾ ਗੁਰਮੁਖ ਆਪਣੀ ਹਉਮੈ ਨੂੰ ਸਾੜ ਦਿੰਦਾ ਹੈ। ਗੁਰਮੁਖ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਗੁਣ ਗਾਂਦੇ ਹਨ। ਆਪ-ਹੁਦਰੇ ਮਨਮੁਖ ਕੁਰਾਹੇ ਪਏ ਰਹਿੰਦੇ ਹਨ।

**ਸਿੱਧਾਂ ਨੇ ਪ੍ਰਸ਼ਨ ਕੀਤਾ :** ਜੜ੍ਹ ਕੀ ਹੈ, ਸਭ ਦਾ ਸਰੋਤ ਕੀ ਹੈ? ਇਨ੍ਹਾਂ ਸਮਿਆਂ ਲਈ ਕਿਹੜੀਆਂ ਸਿੱਖਿਆਵਾਂ ਹਨ ? ਤੁਹਾਡਾ ਗੁਰੂ ਕੌਣ ਹੈ ? ਤੁਸੀਂ ਕਿਸ ਦੇ ਚੇਲੇ ਹੋ ? ਉਹ ਬੋਲੀ ਕਿਹੜੀ ਹੈ, ਜਿਸ ਨਾਲ ਤੁਹਾਡਾ ਮਨ ਨਿਰਲੇਪ ਰਹਿੰਦਾ ਹੈਂ? ਇਸ ਬਾਰੇ ਸਾਨੂੰ ਆਪਣੀ ਰਾਏ ਦਿਓ। ਸ਼ਬਦ ਸਾਨੂੰ ਭਿਆਨਕ ਸੰਸਾਰ-ਸਮੁੰਦਰ ਤੋਂ ਪਾਰ ਕਿਵੇਂ ਲੈ ਜਾ ਸਕਦਾ ਹੈ?

ਗੁਰੂ ਸਾਹਿਬ ਨੇ ਉਤੱਰ ਦਿੱਤਾ: ਸਭ ਹਵਾ ਤੋਂ ਸ਼ੁਰੂ ਹੋਇਆ, ਇਹ ਸੱਚੇ ਗੁਰਾਂ ਦੇ ਉਪਦੇਸ਼ ਦਾ ਯੁੱਗ ਹੈ। ਸ਼ਬਦ ਗੁਰੂ ਹੈ, ਜਿਸ ਉੱਤੇ ਮੈਂ ਪਿਆਰ ਨਾਲ ਧਿਆਨ ਕੇਂਦਰਤ ਕਰਦਾ ਹਾਂ। ਮੈਂ ਸ਼ਬਦ ਦਾ ਚੇਲਾ ਹਾਂ। ਅਕਥ ਬੋਲਣੁ ਬੋਲ ਕੇ, ਮੈਂ ਨਿਰਲੇਪ ਰਹਿੰਦਾ ਹਾਂ। ਜਗਤ ਦਾ ਸੁਆਮੀ ਮੇਰਾ ਗੁਰੂ ਹੈ। ਮੈਂ ਇਸ ਇੱਕ ਦੇ ਉਪਦੇਸ਼ ਦਾ ਚਿੰਤਨ ਕਰਦਾ ਹਾਂ, ਹੰਕਾਰ ਦੀ ਅੱਗ ਬੁਝਾ ਦਿੰਦਾ ਹਾਂ।

ਸਿੱਧਾਂ ਦਾ ਪ੍ਰਸ਼ਨ ਸੀ : ਮੋਮ ਦੇ ਦੰਦਾਂ ਨਾਲ, ਕੋਈ ਲੋਹਾ ਕਿਵੇਂ ਚਬਾ ਸਕਦਾ ਹੈ ? ਉਹ ਕਿਹੜਾ ਭੋਜਨ ਹੈ, ਜੋ ਹੰਕਾਰ ਦੂਰ ਕਰਦਾ ਹੈ ? ਬਰਫ਼ ਦੇ ਘਰ, ਅੱਗ ਦੇ ਬਸਤਰ ਪਹਿਨ ਕੇ ਕਿਵੇਂ ਰਹਿ ਸਕਦਾ ਹੈ ? ਉਹ ਗੁਫਾ ਕਿੱਥੇ ਹੈ, ਜਿਥੇ ਕੋਈ ਅਡੋਲ ਰਹਿ ਸਕਦਾ ਹੈ ? ਸਾਨੂੰ ਇੱਥੇ ਅਤੇ ਉੱਥੇ ਵਿਆਪਕ ਹੋਣ ਲਈ ਕੌਣ ਜਾਣਨਾ ਚਾਹੀਦਾ ਹੈ? ਮਨ ਲੀਨ ਕਰਨ ਵਾਲਾ ਸਿਮਰਨ ਕਿਹੜਾ ਹੈ?

ਗੁਰੂ ਜੀ ਨੇ ਉਤੱਰ ਦਿੱਤਾ : ਆਪਣੇ ਅੰਦਰੋਂ ਹੰਕਾਰ, ਵਿਅਕਤੀਵਾਦ ਅਤੇ ਦਵੈਤ-ਭਾਵ ਨੂੰ ਮਿਟਾ ਕੇ, ਪ੍ਰਾਣੀ ਪ੍ਰਭੂ ਨਾਲ ਇੱਕ ਹੋ ਜਾਂਦਾ ਹੈ। ਆਪਣੇ ਆਪ ਨੂੰ ਉਹ ਮੁਕਤ ਕਰ ਲੈਂਦਾ ਹੈ ਜੋ ਹੰਕਾਰ ਅਤੇ ਦਵੈਤ-ਭਾਵ ਨੂੰ ਬਾਹਰ ਕੱਢ ਦਿੰਦਾ ਹੈ।

# ਪਰਮਾਤਮਾ ਦੀ ਖੋਜ ਕਿਉਂ, ਕਿਥੋਂ ਤੇ ਕਿਵੇਂ ਕਰੀਏ ?

ਦਾਸੀ ਦਵਿੰਦਰ ਕੌਰ (ਬਰੈਂਮਪਟਨ); ਅਤੇ ਡਾ. ਕਾਬਲ ਸਿੰਘ (ਐਡਮਿੰਟਨ)

ਅਸੀਂ ਗੁਰਬਾਣੀ ਦੇ ਅਧਾਰ ਤੇ ਇਸ ਵਿਸ਼ੇ ਬਾਰੇ ਵਿਚਾਰ ਕਰਨ ਦੀ ਨਿਮਾਣੀਂ ਜਿਹੀ ਕੋਸ਼ਿਸ਼ ਕਰ ਰਹੇ ਹਾਂ ਜੀ।

ਕਿਉਂ:

ਜੀਵ ਨੂੰ ਮਨੁੱਖਾ ਜਨਮ ਇੱਕ ਅਵਸਰ ਮਿਲਿਆ ਹੈ ਤਾ ਕਿ ਉਹ ਪ੍ਰਮਾਤਮਾ ਵਾਂਗ ਨਿਰਮਲ ਹੋ ਕੇ ਉਸ ਦੀ ਮਿਹਰ ਦਾ ਪਾਤਰ ਬਣਕੇ ਉਹਦੇ ਵਿਚ ਸਮਾਈ ਪਾ ਕੇ ਆਵਾਗਵਨ ਖਤਮ ਕਰ ਲਵੇ।

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥ (ਮਾਝ ਮ: ੫, ਪੰਨਾ 789)।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
(ਜਪੁਜੀ ਸਾਹਿਬ ਮ: ੧, ਪੰਨਾ 2)।

ਪਰਮੇਸ਼ਰ ਦੀ ਖੋਜ ਜੀਵ ਮੁੱਢ ਤੋਂ ਹੀ ਕਰ ਰਿਹਾ ਹੈ। ਰਿਸ਼ੀ ਮੁਨੀ ਪ੍ਰਮਾਤਮਾ ਨੂੰ ਲੱਭਣ ਲਈ ਘਰ ਬਾਹਰ ਛੱਢਕੇ ਜੰਗਲਾਂ, ਪਹਾੜਾਂ ਵਿਚ ਜੀਵਨ ਬਤੀਤ ਕਰਦੇ ਸਨ।

ਕਿਥੋਂ:

ਸਾਨੂੰ ਗੁਰੂ ਗ੍ਰੰਥ ਵਿਚ ਗੁਰਬਾਣੀ ਰਾਹੀਂ ਆਪਣੇ ਅੰਤਰ ਪ੍ਰਮਾਤਮਾ ਨੂੰ ਖੋਜਣ ਦਾ ਉਪਦੇਸ਼ ਹੈ।

ਇਸੁ ਗੁਫਾ ਮਹਿ ਅਖੁਟ ਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥
(ਮਾਝ ਮ: ੩, ਪੰਨਾ 124)।

ਪਾਤਸ਼ਾਹ ਕਹਿ ਰਹੇ ਹਨ, ਸਰੀਰ ਵਿੱਚ ਹੀ ਪਰਮੇਸ਼ਰ ਦੇ ਗੁਣਾਂ ਦੇ ਅਮੁੱਕ ਭੰਢਾਰ ਭਰੇ ਪਏ ਹਨ, ਕਿਉਂਕਿ ਸਾਰੇ ਗੁਣਾਂ ਦਾ ਮਾਲਕ ਬੇਅੰਤ ਹਰੀ ਇਸ ਸਰੀਰ ਵਿਚ ਹੀ ਵਸਦਾ ਹੈ।

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ॥
(ਵਡਹੰਸ ਮ: ੩, ਪੰਨਾ 569)

ਹੇ ਮੇਰੇ ਮਨ ਸਾਰੇ ਸੁੱਖਾਂ ਦਾ ਖਜਾਨਾ ਪਰਮੇਸ਼ਰ ਤੇਰੇ ਅੰਦਰ ਹੈ, ਇਸ ਪਦਾਰਥ ਨੂੰ ਬਾਹਰ ਨਾ ਲੱਭਦਾ ਫਿਰ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗ ਮਾਣੁ॥ (ਪੰਨਾ 441)।

ਮਨ ਤੂੰ ਪਰਮੇਸ਼ਰ ਦੀ ਅੰਸ਼ ਹੈਂ, ਜੋ ਨਿਰਾ ਨੂਰ ਹੈ। ਆਪਣੇਂ ਅਸਲੇ ਨਾਲ ਜਾਣ ਪਹਿਚਾਣ ਪਾ। ਗੁਰੂ ਦੀ ਮੱਤ ਤੇ ਚੱਲਕੇ ਉਸ ਪਰਮੇਸ਼ਰ ਦੇ ਮਿਲਾਪ ਦਾ ਅਨੰਦ ਮਾਣ ਜੋ ਸਦਾ ਤੇਰੇ ਨਾਲ ਹੈ।

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮਨੁ ਛੋਡਿ ਨ ਕਤਹੂ ਜਾਇਆ ਥਾ॥

(ਮਾਰੂ ਮ: ੫, ਪੰਨਾ 1002)।

ਕਿਉਂਕਿ ਗੁਰੂ ਨੇ ਮੈਨੂੰ ਪਰਮੇਸ਼ਰ ਹਿਰਦੇ ਵਿੱਚ ਹੀ ਦਿਖਾ ਦਿਤਾ ਹੈ, ਹੁਣ ਮੈਂ ਜੰਗਲਾਂ ਵਿਚ ਭਾਲ ਕਰਨ ਤੋਂ ਬਚ ਗਿਆ ਹਾਂ। ਪਰਮਾਤਮਾ ਮਾਇਆ ਤੋਂ ਨਿਰਲੇਪ ਹੈ, ਸਾਰਿਆਂ ਵਿਚ ਵਸਦਾ ਹੈ। ਉਹ ਤੇਰੇ ਨਾਲ ਹੀ ਵਸਦਾ ਹੈ।

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰ ਤੇਰੇ ਨਾਲਿ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮਾਲਿ॥ (ਪੰਨਾ 1346)

ਗੁਰੂ ਦੀ ਕਿਰਪਾ ਸਦਕਾ ਦੇਖ, ਪਰਮੇਸ਼ਰ ਤੇਰੇ ਅੰਦਰ ਹੀ ਵਸਦਾ ਹੈ। ਨਾਮ ਦੇ ਸ਼ਬਦ ਨੂੰ ਤੂੰ ਅੰਦਰ ਇਕੱਠਾ ਕਰ ਤੇ ਪਰਮੇਸ਼ਰ ਦਾ ਦੀਦਾਰ ਹਿਰਦੇ ਵਿਚ ਹੀ ਕਰ ਲੈ।

ਮਨ ਮੰਧੇ ਪ੍ਰਭੁ ਅਵਗਾਹੀਆ॥ (ਮਾਝ ਮ: ੫, ਪੰਨਾ 132)

ਪ੍ਰਭੂ ਨੂੰ ਆਪਣੇ ਮਨ ਵਿਚ ਚੁੱਭੀ ਲਾ ਕੇ ਹੀ ਪਾ ਲਵੋ।

ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥ ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਅਇ॥੧॥ (ਸੂਹੀ ਮ: ੩, ਪੰਨਾ 756)

ਪਰਮੇਸ਼ਰ ਜੀ ਅਦ੍ਰਿਸਟ ਹੈ ਅਪਹੰਚੁ ਹੈ, ਫਿਰ ਇਸਨੂੰ ਕਿਸ ਤਰੀਕੇ ਨਾਲ ਮਿਲਿਆ ਜਾ ਸਕਦਾ ਹੈ? ਜਦੋਂ ਗੁਰੂ ਦੇ ਸ਼ਬਦ ਦੀ ਬਰਕਤ ਸਦਕਾ ਜੀਵ ਦੇ ਮਨ ਦਾ ਭਰਮ ਕਟਿਆ ਜਾਂਦਾ ਹੈ ਤਾਂ ਸਹਿਜ ਸੁਭਾ ਹੀ ਜੀਵ ਦੇ ਮਨ ਵਿਚ ਆ ਵੱਸਦਾ ਹੈ।

ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ ਰਹਾਉ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ੧॥

(ਧਨਾਸਰੀ ਮ: ੯, ਪੰਨਾ 684)

ਤੂੰ ਕਿਉਂ ਉਸਨੂੰ ਲੱਭਣ ਲਈ ਜੰਗਲਾਂ ਵਿਚ ਭਟਕਦਾ ਹੈਂ? ਜਿਵੇਂ ਫੁਲ ਵਿਚ ਸੁਗੰਧੀ ਵਸਦੀ ਹੈ ਤੇ ਸ਼ੀਸ਼ੇ ਵਿਚ ਸਾਡਾ ਅਕਸ਼ ਬਣਦਾ ਹੈ, ਤਿਵੇਂ ਪਰਮਾਤਮਾ ਇੱਕ-ਰਸ ਸਭਨਾਂ ਦੇ ਅੰਦਰ ਵਸਦਾ ਹੈ। ਉਸਨੂੰ ਆਪਣੇਂ ਹਿਰਦੇ ਵਿਚ ਹੀ ਲੱਭ।

ਕਿਵੇਂ:

ਸਾਨੂੰ ਇਹ ਦਾਤ ਮਿਲੀ ਹੈ ਕਿ ਅਸੀਂ ਨਾਮ ਜਪ ਕੇ ਪਰਮਾਤਮਾ ਦੀ ਸ਼ਰਨ ਵਿਚ ਆਈਏ ਤਾਂ ਉਸ ਵਿਚ ਅਭੇਦ ਹੋ ਸਕਦੇ ਹਾਂ।

ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ॥ (ਮਲਾਰ ਮ: ੪, ਪੰਨਾ 1265)

ਵਡੇ ਭਾਗਾਂ ਵਾਲੇ ਪਰਮੇਸ਼ਰ ਦਾ ਨਾਮ ਜਪ ਕੇ ਉਸਦੀ ਭਾਲ ਕਰਦੇ ਹਨ। ਨਾਮ ਜਪ ਕੇ ਵਡੇ ਭਾਗਾਂ ਸਦਕਾ ਉਸਨੂੰ ਖੋਜ ਲੈਂਦੇ ਹਨ।

ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ॥ ਤੁਧੁ ਆਪੇ ਕਥੀ ਅਕਥ ਕਹਾਣੀ। (ਮਾਰੂ ਮ: ੩,ਅੰਗ 1056)

ਗੁਰੂ ਦੇ ਸ਼ਬਦ ਤੋਂ ਬਿਨਾਂ ਕੋਈ ਪਰਮੇਸ਼ਰ ਨਾਲ ਮਿਲ ਨਹੀ ਸਕਦਾ। ਸ਼ਬਦ ਰਾਹੀਂ ਪ੍ਰਭੂ ਆਪ ਹੀ ਆਪਣਾਂ ਅਕੱਥ ਸਰੂਪ ਬਿਆਨ ਕਰਦਾ ਹੈ।

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥੩॥ (ਰਾਮਕਲੀ ਮ: ੧, ਪੰਨਾ 879)

ਜਦੋਂ ਗੁਰਮੰਤਰ ਵਾਹਿਗੁਰੂ ਸ਼ਬਦ ਨੂੰ ਅਸੀਂ ਧੁਨਾਕਾਰ ਅਵਾਜ ਵਿਚ ਜਪਦੇ ਹਾਂ, ਸਾਡਾ ਧਿਆਨ ਇਸ ਧੁਨ ਵਿੱਚ ਟਿਕਦਾ ਜਾਦਾ ਹੈ ਤੇ ਸਾਡਾ ਮਨ ਧੁਨ ਵਿੱਚ ਟਿਕ ਕੇ ਇਕਾਗਰ ਹੁੰਦਾ ਜਾਂਦਾ ਹੈ। ਫਿਰ ਇਕ ਦਿਨ ਪੂਰੀ ਤਰਾਂ ਪਰਮੇਸ਼ਰ ਦੀ ਮਿਹਰ ਸਦਕਾ ਜੀਵ ਦੀ ਉਸ ਨਾਲ ਸਾਂਝ ਪੈ ਜਾਂਦੀ ਹੈ।

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥ ੫੫॥ (ਪੰਨਾ 1367)

ਕਬੀਰ ਜੀ ਕਹਿੰਦੇ ਹਨ, ਨਾਮ ਦੀ ਕਮਾਈ ਨਾਲ ਮੇਰਾ ਮਨ ਗੰਗਾ ਜਲ (ਪਹਿਲੇ ਸਮੇ) ਵਾਂਗ ਪਵਿਤਰ ਹੋ ਗਿਆ ਤਾਂ ਪਰਮਾਤਮਾ ਮੇਰੇ ਪਿੱਛੇ ਪਿੱਛੇ ਅਵਾਜਾਂ ਮਾਰਦਾ ਫਿਰਦਾ ਹੈ ਮਿਲਣ ਲਈ।

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥ (ਆਸਾ ਮ: ੫, ਪੰਨਾ 452)

ਪਾਤਸ਼ਾਹ ਕਹਿੰਦੇ ਹਨ ਜਦੋਂ ਪਰਮੇਸ਼ਰ ਨੂੰ ਹਿਰਦੇ ਵਿੱਚ ਅਨੁਭਵ ਕਰ ਲਿਆ ਮੇਰੇ ਅੰਦਰ ਅਨੰਦ ਦਾ ਸੋਮਾਂ ਫੁੱਟ ਪਿਆ। ਪਰਮੇਸ਼ਰ ਦੇ ਨਾਮ ਦਾ ਰਸ ਚੱਖਿਆ ਬਹੁਤ ਹੀ ਮਿਠਾ ਹੈ।

ਗੁਰੂ ਗੋਬਿੰਦ ਸਿੰਘ ਜੀ ਫੁਰਮਾਉਦੇ ਹਨ:

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ੯॥੨੯॥

ਜੇਕਰ ਅਸੀਂ ਵੋਟਾਂ ਲਈ ਉਮੀਦਵਾਰ ਬਣਾਂਗੇ ਤਾਂ ਹੀ ਚੁਣੇਂ ਜਾਂਣ ਦੀ ਆਸ ਰੱਖ ਸਕਦੇ ਹਾਂ। ਆਪ ਕਮਾਈ ਕਰਕੇ ਉਸ ਕਤਾਰ ਵਿਚ ਖੜਾਂਗੇ ਤਾਂ ਹੀ ਪਰਮੇਸ਼ਰ ਦੀ ਰਹਿਮਤ ਹੋਵੇਗੀ ਤੇ ਉਹਦੇ ਵਿਚ ਸਮਾਈ ਹੋ ਸਕੇਗੀ। ਜੇਕਰ ਉਹਦੀ ਰਹਿਮਤ ਸਦਕਾ ਨਾਮ ਜਪ ਕੇ ਉਸ ਕਤਾਰ ਵਿਚ ਹੀ ਨਹੀਂ ਖਲੋਂਦੇ ਤਾਂ ਚੌਰਾਸੀ ਦੇ ਗੇੜ ਵਿਚ ਪਏ ਰਹਾਂਗੇ।

ਸਮੁਚਾ ਭਾਵ: ਮਨੁਖਾ ਜੀਵਨ ਦੁਰਲੱਭ ਹੈ। ਅਸੀ ਪਰਮਾਤਮਾ ਦਾ ਹਿਸਾ ਹਾਂ ਪਰ ਵਖਰਾ ਸਮਝਦੇ ਹਾਂ। ਜਿਵੇਂ ਸਮੁੰਦਰ ਵਿਚ ਲਹਿਰਾਂ ਬਣਦੀਆਂ ਤੇ ਹਟਦੀਆਂ ਰਹਿੰਦੀਆਂ ਹਨ। ਜਿਸ ਨੂੰ ਲੱਭ ਰਹੇ ਹਾਂ ਅੰਦਰ ਹੀ ਮਿਲ ਜਾਂਦਾ ਹੈ।ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ ਨਾਮ ਜਪਣ ਨਾਲ ਹੀ ਪਰਮਾਤਮਾਂ ਮਿਲਦਾ ਹੈ। ਜਦੋਂ ਨਾਮ ਜਪ ਕੇ ਪ੍ਰੇਮ ਪੈ ਜਾਵੈ, ਫਿਰ ਪ੍ਰਭੂ ਯਾਦ ਰਹਿੰਦਾ ਤੇ ਉਹ ਭੁਲਦਾ ਨਹੀਂ। ਜੇਕਰ ਪਾਉਣਾਂ ਚਾਹੁਦੇ ਹਾਂ ਤਾਂ ਵਹਿਗੁਰੂ ਦਾ ਨਾਮ ਜਪੋ। ਜਿਵੇਂ ਵੋਟਾਂ ਮੰਗਣ ਨਾਲ ਹੀ ਜਿਤਣ ਦੀ ਉਮੀਦ ਹੋ ਸਕਦੀ ਹੈ। ਪਰ ਇਹ ਦਾਤ ਪ੍ਰਭੂ ਉਸ ਜੀਵ ਨੂੰ ਦਿੰਦਾ ਹੈ ਜਿਸ ਉਪਰ ਮਿਹਰ ਕਰਦਾ ਹੈ, ਉਸ ਦੀ ਪਰਾਪਤੀ ਤਾਂ ਹੀ ਹੁੰਦੀ ਹੈ ।ਪਰਮਾਤਮਾ ਵਿਚ ਅਭੇਦ ਹੋਣ ਨਾਲ ਮਨ ਟਿਕ ਜਾਂਦਾ ਹੈ ਤੇ ਕੁਝ ਹੋਰ ਲੱਭਣ ਦੀ ਲੋੜ ਨਹੀਂ ਰਹਿੰਦੀ। ਮਿਲਾਪ ਦੀ ਅਵੱਸਥਾ ਵਿਚ ਜੀਵ ਨੂੰ ਹਰ ਪ੍ਰਾਣੀ ਤੇ ਚੀਜ ਵਿਚ ਪਰਮਾਤਮਾ ਦਿਸਦਾ ਹੈ, ਕੋਈ ਤੇਰ ਮੇਰ ਨਹੀਂ ਰਹਿੰਦੀ, ਮਨ ਭਾਣੇ ਤੇ ਅਨੰਦ ਵਿਚ ਰਹਿੰਦਾ ਹੈ।

ਵਿਚਾਰਾਂ ਵਿਚ ਅਨੇਕਾਂ ਭੁਲਾਂ ਦੀ ਮੁਆਫੀ ਜੀ।

(ਕਵਿਤਾ) :

## ਪੱਤਾ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ
(ਕੈਨੇਡਾ) ਸੰਪਰਕ (403-404-1450)



ਨਿੱਕੀ ਜਿਹੀ ਕਰੂੰਬਲ ਵਿੱਚੋਂ, ਪੱਤਾ ਫੁੱਟ ਕੇ ਆਇਆ, ਕੁਦਰਤ ਰਾਣੀ ਪੱਖਾ ਝੱਲੇ, ਕੁਦਰਤ ਪਾਣੀ ਪਾਇਆ।

ਕੁਦਰਤ ਇਸ ਦੀ ਰਾਖੀ ਕਰਦੀ, ਕੁਦਰਤ ਗੋਦ ਖਿਡਾਇਆ, ਕੁਦਰਤ ਦੀ ਛਾਂ ਥੱਲੇ ਪਲ ਕੇ, ਭਰ ਜੋਬਨ ਤੇ ਆਇਆ।

ਹਰੇ ਭਰੇ ਪੱਤਿਆਂ ਨੂੰ ਤੱਕ ਕੇ, ਰੂਹ ਮੇਰੀ ਨਸ਼ਿਆਈ, ਅੰਦਰ ਗਰਮੀ ਝੱਲ ਨਾ ਹੋਵੇ, ਮੈਂ ਰੁੱਖ ਥੱਲੇ ਆਈ।

ਠੰਢੀ ਠੰਢੀ ਛਾਂ ਪਿਆ ਦੇਵੇ, ਠੰਢੀਆਂ ਵਗਣ ਹਵਾਵਾਂ, ਦਿੱਲ ਕਰੇ ਮੈਂ ਸਾਰੇ ਪੱਤਿਆਂ, ਘੁੱਟ ਕਲੇਜੇ ਲਾਵਾਂ।

ਗਈ ਬਹਾਰ ਤੇ ਆਈ ਪੱਤਝੜ, ਪੱਤੇ ਰੰਗ ਵਟਾਇਆ, ਮੇਰੇ ਦੇਖਦਿਆਂ ਹੀ ਉਸ ਤੇ, ਸੂਹਾ ਰੰਗ ਚੜ੍ਹ ਆਇਆ।

ਤੱਕਦੀ ਮੈਂ ਤਾਂ ਦੰਗ ਰਹਿ ਗਈ, ਲਾਲੀ ਉਸ ਦੇ ਚੇਹਰੇ, ਸੋਚਾਂ ਦੇ ਸਾਗਰ ਵਿੱਚ ਡੁੱਬੀ, "ਕਿਸ ਨੇ ਰੰਗ ਬਖੇਰੇ?"

ਸੂਹਾ ਪੀਲਾ ਹੋਇਆ ਪੱਤਾ, ਸੁੱਕਾ ਤੇ ਮੁਰਝਾਇਆ, ਕੁਝ ਦਿਨਾਂ ਦੇ ਅੰਦਰ ਹੀ ਉਹ, ਟੁੱਟ ਡਾਲੀ ਤੋਂ ਆਇਆ।

ਮਿੱਟੀ ਦੇ ਵਿੱਚ ਮਿੱਟੀ ਹੋਇਆ, ਪੌਦਾ ਹੋਰ ਉਗਾਇਆ, ਕੁਦਰਤ ਦੇ ਭਾਣੇ ਨੂੰ ਮੰਨਦਾ, ਪੱਤਾ ਨਾ ਘਬਰਾਇਆ।

ਬ੍ਰਹਿਮੰਡ ਦਾ ਅੰਸ਼ ਅਸੀਂ ਵੀ, 'ਦੀਸ਼' ਵਾਂਗਰਾਂ ਪੱਤੇ, ਸਦਾ ਹੀ ਏਥੇ ਚੇਤ ਨਾ ਰਹਿਣੇ, ਸਦਾ ਨਾ ਰਹਿਣੇ ਕੱਤੇ।

ਸਭ ਕੁੱਝ ਮਿੱਟੀ ਵਿੱਚੋਂ ਉਗਿਆ, ਸਭ ਮਿੱਟੀ ਹੋ ਜਾਣਾ, ਕੁਦਰਤ ਦਾ ਹੈ ਨੇਮ ਨਿਰਾਲਾ, ਮੰਨੀਏਂ ਉਹਦਾ ਭਾਣਾ।

# ਕੋਮਲ ਪਰ ਦ੍ਰਿੜ

ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਦਿਲ ਦੇ ਕੋਮਲ ਫੁਲ ਗੁਰੂ, ਸਿਦਕ ਦੇ ਪੱਕੇ,
ਗੁਰਮਤਿ ਬੇੜਾ ਥੰਮਿਆ, ਤੁਫ਼ਾਨਾ ਦੇ ਧੱਕੇ।

ਕੋਮਲ ਮਨ ਹਰਿਰਾਏ ਨੂੰ,
ਗੁਰ ਦਾਦੇ ਸਮਝਾਇਆ,
ਸੰਭਲ ਸੰਭਲ ਕੇ ਚਲੋ,
ਵੱਡਾ ਜਾਮਾ ਜੇ ਪਾਇਆ।

ਬਾਈ ਸੌ ਸੂਰੇ ਘੋੜਸਵਾਰਾਂ ਦੀ ਸੈਨਾ ਕੀਤੀ,
ਦੁਸ਼ਟਾਂ ਦੀ ਕੈਰੀ ਅੱਖ ਤੋਂ ਰੱਖਿਆ ਦੀ ਨੀਤੀ।
ਕੀਤਰਪੁਰ ਸਜਾਇਆ ਫੁੱਲ ਬਾਗ ਲਗਾਏ,
ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਾਏ।

ਦਵਾਖਾਨਾ ਜੜ-ਬੂਟੀਆਂ ਦਾ ਗੁਰੂ ਚਲਾਇਆ,
ਜਿਸਦੀ ਦਵਾ ਨੇ ਦਾਰਾ ਸ਼ਿਕੋਹ ਦਾ ਰੋਗ ਮਿਟਾਇਆ।

ਸੰਤ ਉਦਾਸੀ ਸਿੱਖੀ ਦੇ ਪ੍ਰਚਾਰ 'ਚ ਲਾਏ।
ਭਾਈ ਗੋਂਡਾ, ਨੱਥਾ, ਕਾਬੁਲ, ਢਾਕੇ ਭਿਜਵਾਏ।
ਦਿੱਤੀ ਭਾਈ ਜੋਧ ਨੂੰ ਬਖ਼ਸ਼ਿਸ਼ ਮੁਲਤਾਨੀ,
ਮਸੰਦ ਥਾਪੇ ਭੂੰਦੜ, ਭਗਤੂ, ਭਗਤ ਭਗਵਾਨ।
ਸਿੱਖ ਸੰਗਤਾਂ ਥਾਪੀਆਂ ਜਾਕੇ ਦੂਰ ਦੂਰ,
ਕਸ਼ਮੀਰ, ਸਿਆਲਕੋਟ ਤੇ ਵਿਚ ਅਖਨੂਰ।

ਵਿਚਰੇ ਗੁਰ ਅਸਥਾਨਾਂ ਤੇ ਪ੍ਰਵਾਰਾਂ ਅੰਦਰ,
**ਗੁਰਾਂ ਜੋ ਬੰਨਿਆ ਗੋਇੰਦਵਾਲ ਸਿੱਖੀ ਦਾ ਕੇਂਦਰ,**
ਔਰੰਗਜ਼ੇਬ ਦੇ ਸਾਹਵੇਂ ਬਾਬਾ ਰਾਮਰਾਏ ਭਰਮਾਣੇ,
ਬਾਣੀ ਦਾ ਇਕ ਸ਼ਬਦ ਉਲਟਿਆ ਸੁਘੜ ਸੁਜਾਣੇ।
ਗੁਰਬਾਣੀ ਅਦਬ ਸਤਿਕਾਰ ਲਈ ਗੁਰਾਂ ਫ਼ੁਰਮਾਇਆ : ਅਸੀਂ ਤਿਆਗਿਆ ਰਾਮਰਾਇ ਜਿਸ ਸਿਦਕ ਡੁਲਾਇਆ।

ਸਿੱਖ ਜਗਤ ਵਿਚ ਪ੍ਰੇਮ ਪਿਆਰ ਦੀ ਬਖ਼ਸ਼ੀ ਓਟ,
ਚੱਟਾਨ ਵਾਂਗਰਾਂ ਅਹਿਲ ਬਣੇ ਸਿੱਖੀ ਦਾ ਕੋਟ ।

**Sikh Environment Day**

**ECOSIKH (14 March)**

# ਪਥਰੁ ਪਾਣੀ ਰਖੀਐ...

ਸਰਦਾਰ ਜਸਵਿੰਦਰ ਸਿੰਘ ਰੁਪਾਲ, ਲੁਧਿਆਣਾ

ਅਧਿਆਤਮਕ ਰੰਗ ਵਿੱਚ ਰੰਗੇ ਪੁਰਸ਼ ਦੀ ਤੁਲਨਾ ਪਾਣੀ ਨਾਲ ਕੀਤੀ ਜਾਂਦੀ ਹੈ। ਸ਼ਾਂਤ, ਸਹਿਜ, ਆਪਣੇ ਗੁਣਾਂ ਤੇ ਪ੍ਰਪੱਕ ਹੈ ਪਾਣੀ। ਕਠੋਰ ਪੱਥਰ ਨੂੰ ਇੱਕ ਮਨਮੁੱਖ ਲਈ ਵਰਤੀਏ ਅਤੇ ਦੇਖੀਏ ਕਿ ਕੀ ਓਹੀ ਅੰਤਰ ਮਨਮੁੱਖ ਅਤੇ ਗੁਰਮੁੱਖ ਵਿੱਚ ਵੀ ਹੈ? ਪਾਣੀ ਆਪਣਾ ਤਲ ਸਦਾ ਬਰਾਬਰ ਰੱਖਦਾ ਹੈ। ਪੱਥਰ ਇੱਕ ਪਾਸਿਓਂ ਉੱਚਾ, ਦੂਜੇ ਪਾਸਿਓਂ ਟੇਢਾ ਹੋ ਸਕਦਾ ਹੈ ਪਰ ਪਾਣੀ ਨਹੀਂ। ਗੁਰਮਤਿ ਜੀਵਨ ਜਾਚ ਸਿੱਖ ਚੁੱਕਿਆ ਜਗਿਆਸੂ ਸੰਤੁਲਤ ਰਹਿੰਦਾ ਹੈ। ਉਸ ਦੀਆਂ ਸੋਚਾਂ ਇੱਕ ਥਾਂ ਕੇਦਰਿਤ ਅਤੇ ਸਾਂਵੇਪਣ ਵਿਚ ਹਨ। ਮਾਇਆ-ਰੱਤਾ 'ਪ੍ਰਭੂ ਨੂੰ ਵਿਸਾਰ ਚੁੱਕਿਆ ਮਨੁੱਖ' ਸੰਤੁਲਿਤ ਨਹੀਂ ਹੁੰਦਾ। ਉਸ ਦੇ ਮਨ ਵਿਚ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ ਹਨ। ਜੇ ਕਦੇ ਮਨ ਸਥਿਰ ਹੋ ਵੀ ਜਾਵੇ, ਤਦ ਵੀ ਪਾਣੀ ਵਾਂਗ ਵਹਿ ਨਹੀਂ ਸਕਦਾ। ਪੱਥਰ-ਚਿੱਤ ਮਨਮੁੱਖ, ਸਖਤ-ਦਿਲ ਹੁੰਦਾ ਹੈ; ਤਰਸ, ਸੇਵਾ, ਪਰਉਪਕਾਰ ਤੋਂ ਸੱਖਣਾ, ਸਵਾਰਥੀ। ਉਥੇ ਤੇਜ ਚਸ਼ਮੇ ਦਾ ਪਾਣੀ ਨਹੀਂ ਰੁਕਦਾ। ਗੁਰਮੁਖ ਰੁਕਣ ਲਈ ਨਹੀਂ ਬਣਿਆ। ਕਹਿੰਦੇ ਨੇ;

"ਵਹਿੰਦੇ ਪਾਣੀ ਨਿਰਮਲ ਹੁੰਦੇ, ਦਾਗ ਨਾ ਲੱਗਣ ਮੰਦੇ ਜੀ।"

ਗੁਰਸਿੱਖ ਦਾ ਜੀਵਨ ਇੱਕ ਤੇਜ ਧਾਰਾ ਹੈ। ਉਸ ਵਿੱਚ ਇਹ ਖਾਸ ਗੁਣ ਹੈ ਕਿ ਉਹ ਵਗਦਾ ਹੀ ਰਵੇ। ਇਸ ਦਾ ਵਹਿਣਾ, ਹਮੇਸ਼ਾ ਨਿਵਾਣ ਵੱਲ ਅਤੇ ਪੱਥਰ ਨਾਲੋਂ ਕਈ ਗੁਣਾ ਵੱਧ ਲਚਕੀਲਾ ਹੋਣਾ ਸਿੱਧ ਕਰਦਾ ਹੈ ਕਿ ਗੁਰਮੁਖ ਲਈ ਨਿਮਰਤਾ ਬਹੁਤ ਜਰੁਰੀ ਹੈ।



ਉਹ ਸਿਰਫ਼ ਹੱਥ ਜੋੜ ਕੇ ਅਰਦਾਸ ਕਰਦਾ ਹੀ ਨਜ਼ਰ ਨਹੀਂ ਆਵੇਗਾ; ਅਰਦਾਸ ਤਾਂ ਉਸਨੂੰ ਮੰਜਲ ਵੱਲ ਪਹੁੰਚਣ ਲਈ ਉਤਸ਼ਾਹ ਦਿੰਦੀ ਹੈ। ਪਰ ਉਸਨੇ ਰੁਕਣਾ ਨਹੀਂ, ਉਸ ਵਿੱਚ ਗਤੀ ਹੈ, ਉਸ ਨੇ ਕਿਤੇ ਪਹੁੰਚਣਾ ਹੈ।ਕਿੱਥੇ ਪਹੁੰਚਣਾ ਹੈ? ਕਵੀ ਭਾਈ ਵੀਰ ਸਿੰਘ ਜੀ ਕਸ਼ਮੀਰ ਦੀ ਸੁੰਦਰਤਾ ਚੋਂ ਸੱਚ ਲੱਭਦੇ ਹੋਏ, ਕੁੱਝ ਸਿਖਾ ਰਹੇ ਹਨ। ਇੱਕ ਚਸ਼ਮੇ ਨੂੰ ਪੁੱਛਦੇ ਹਨ ਕਿ ਸਾਰੀ ਦੁਨੀਆਂ ਸੌਂ ਚੁੱਕੀ ਹੈ, ਚਾਰੇ ਪਾਸੇ ਸ਼ਾਂਤੀ ਹੈ, ਰਾਤ ਪੈ ਚੁੱਕੀ ਹੈ ਪਰ ਤੂੰ ਅਜੇ ਵੀ ਚਲ ਰਿਹਾ ਹੈਂ? ਤੂੰ ਘੜੀ ਪਲ ਆਰਾਮ ਕਰ ਲੈਂਦਾ। ਫਿਰ ਆਪ ਹੀ ਚਸ਼ਮੇ ਵੱਲੋਂ ਜਵਾਬ ਦਿੰਦੇ ਹਨ;

"ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ।

ਨਿਹੁੰ ਵਾਲੇ ਨੈਣਾਂ ਦੀ ਨੀਂਦਰ ? ਉਹ ਦਿਨੇ ਰਾਤ ਪਏ ਵਿਹੰਦੇ।

ਇੱਕੋ ਲਗਨ ਲੱਗੀ ਲਈ ਜਾਦੀ, ਹੈ ਟੋਰ ਅਨੰਤ ਉਹਨਾਂ ਦੀ,

ਵਸਲੋਂ ਉਰੇ ਮੁਕਾਮ ਨਾ ਕੋਈ, ਸੋ ਚਾਲ ਪਏ ਨਿੱਤ ਰਹਿੰਦੇ।"

ਗੁਰਮੁਖ ਨੇ ਕਿਹੜੀ ਖਿੱਚ ਖਾਧੀ ਹੈ? ਹਰ ਨਦੀ ਨੇ ਸਮੁੰਦਰ ਵਿੱਚ ਮਿਲਣਾ ਹੁੰਦਾ ਹੈ। ਸਮੁੰਦਰ ਦੀ ਖਿੱਚ ਉਸ ਨੂੰ ਚਲਣ ਦੀ ਪ੍ਰੇਰਨਾ ਦਿੰਦੀ ਹੈ। ਅਸਾਡਾ ਵੀ ਉਦੇਸ਼ ਹੈ-ਇੱਕ ਸਮੁੰਦਰ ਵਿੱਚ ਸਮਾਣਾ। ਉਸ ਸਮੁੰਦਰ ਨੂੰ ਲੱਭਣਾ ਅਤੇ ਉਹਦੇ ਵੱਲ ਲਗਾਤਾਰ ਚਲਦੇ ਰਹਿਣਾ। ਗੁਰਵਾਕ ਹੈ;

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ" ॥(ਬਿਲਾਵਲੁ ਮ: ੫, ਪੰਨਾ ੮੪੬)।

ਜਲ ਤੇ ਜਲ ਮਿਲ ਕੇ ਜਲ ਹੀ ਰਹਿੰਦੇ ਹਨ। ਪਰ ਭਗਤ ਤੇ ਪ੍ਰਭੂ ਮਿਲਿਆਂ ਇੱਕ ਹੋ ਜਾਦੇ ਹਨ।

"ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥(ਬਿਲਾਵਲੁ ਮ: ੫, ਪੰਨਾ ੮੪੬)।

ਪੱਥਰ ਦੀ ਕੋਈ ਮੰਜਲ ਨਹੀਂ। ਉਸ ਨੂੰ ਕਿਸੇ ਪ੍ਰੀਤਮ ਦੇ ਮਿਲਣ ਦਾ ਚਾਅ ਨਹੀਂ। ਪ੍ਰੀਤਮ ਤਾਂ ਸਿਰ ਨਿਵਾਇਆਂ, ਆਪਾ ਗਵਾਇਆਂ ਮਿਲਦਾ ਹੈ। ਪੱਥਰ ਚੋਂ ਹੀਰੇ, ਜਵਾਹਰਾਤ, ਅਤੇ ਸ਼ੀਸ਼ਾ ਕੱਢਿਆ ਜਾ ਸਕਦਾ ਹੈ। ਪਰ ਹਰ ਥਾਂ, ਹਰ ਸਮੇਂ, ਹਰ ਜੀਵ ਨੂੰ ਪਾਣੀ ਦੀ ਲੋੜ ਪੈਂਦੀ ਹੈ। ਕੋਈ ਪੱਥਰਾਂ ਤੋਂ ਬਿਨਾਂ ਜੀਵਨ ਗੁਜ਼ਾਰ ਲਵਗੇ, ਪਰ ਪਾਣੀ ਬਿਨਾਂ ਨਹੀਂ।

"ਜਲ ਮਿਲਿਆ, ਪਰਮੇਸ਼ਰ ਮਿਲਿਆ।"

ਜਲ ਨੂੰ ਪਰਮੇਸ਼ਰ ਨਾਲ ਤੁਲਨਾ ਦਿੱਤੀ ਗਈ ਹੈ। ਹਰ ਜੀਵ ਜੰਤੂ, ਮਨੁੱਖ, ਬਨਸਪਤੀ ਨੂੰ ਪਾਣੀ ਜੀਵਨ ਦਿੰਦਾ ਹੈ। ਇੱਕ ਗੁਰਸਿੱਖ ਵੀ ਦੂਜਿਆਂ ਨੂੰ ਜੀਵਨ ਗਿਆਨ ਦੇਂਦਾ ਹੈ। ਪੱਥਰ ਸਿਰਫ਼ ਸੱਟ ਫੇਟ ਹੀ ਨਹੀਂ, ਮੌਤ ਵੀ ਦੇ ਸਕਦਾ ਹੈ। ਵਲੀ ਕੰਧਾਰੀ ਨੇ ਗੁਰੁ ਨਾਨਕ ਨੂੰ ਖਤਮ ਕਰਨ ਲਈ ਪੱਥਰ ਦੀ ਹੀ ਸਹਾਇਤਾ ਲਈ ਸੀ।

"ਪੱਥਰ ਇੱਕ ਪਹਾੜੀ ਪਿੱਛੋਂ ਸਤਿਗੁਰ ਪਰ੍ਹਾਂ ਹਟਾਂਦੇ।

ਅੰਮ੍ਰਿਤ ਵਰਗਾ ਸੀਤਲ ਜਲ ਮਰਦਾਨੇ ਤਾਂਈਂ ਛਕਾਂਦੇ।"

ਪੱਥਰ ਤੋਂ ਹੋਏ ਜਖਮ ਨੂੰ ਪਾਣੀ ਨਾਲ ਧੋਤਾ ਜਾਂਦਾ ਹੈ। ਗੁਰਮੁਖ ਹੀ ਧੋ ਸਕਦੇ ਹਨ, ਪੱਥਰਾਂ ਚੋਂ ਪਾਣੀ ਕੱਢ ਸਕਦੇ ਹਨ। ਪੱਥਰਾਂ ਨੂੰ ਪਾਣੀ ਤੇ ਤਰਨ ਵੀ ਦੇ ਸਕਦੇ ਹਨ। ਮਨਮੱਤ ਵਾਲਾ ਪ੍ਰਾਣੀ, ਇੱਕ ਗੁਰਸਿੱਖ ਤੋਂ ਦੂਰ ਰੰਹਿਦਾ ਹੈ। ਪਰ ਪਾਣੀ ਤਾਂ ਟਿਕਿਆ ਹੀ ਪੱਥਰਾਂ ਤੇ ਹੋਇਆ ਹੈ। ਸ਼ੁਭ ਗੁਣਾਂ ਦੀ ਬੁਨਿਆਦ ਬੁਰਾਈਆਂ ਤੇ ਹੀ ਹੈ। ਅਸੀਂ ਪੱਥਰਾਂ ਨੂੰ ਵੀ ਪਿਆਰ ਕਰ ਸਕਦੇ ਹਾਂ।

ਪੱਥਰ ਗਰਮ ਜਾਂ ਠੰਢਾ ਹੋ ਕੇ ਲਾਭਦਾਇਕ ਨਹੀਂ ਬਣਦਾ। ਪਾਣੀ ਦਾ ਗਰਮ ਹੋਣਾ-ਭਾਫ਼ ਬਣਨਾ ਵੀ ਫਾਇਦੇਮੰਦ ਅਤੇ ਠੰਢਾ ਹੋ ਕੇ ਬਰਫ਼ ਬਣ ਜਾਣਾ ਵੀ ਫਾਇਦੇਮੰਦ। ਉਸ ਦੇ ਇਹ ਰੂਪ ਵੀ ਸੈਂਕੜੇ ਕਾਰਜ ਸਵਾਰਦੇ ਹਨ। ਪਾਣੀ ਦੀ ਇਹ ਖੂਬੀ ਇਹ ਹੈ ਕਿ ਉਸ ਦਾ ਆਪਣਾ ਕੋਈ ਨਿਸ਼ਚਿਤ ਆਕਾਰ ਨਹੀਂ। ਉਹ ਹਰ ਤਰਾਂ ਦੀ ਸੰਗਤ ਵਿੱਚ ਆਪਣਾ ਸੀਤਲਤਾ ਦਾ, ਇੱਕ ਤਲ ਰੱਖਣ ਦਾ, ਨਿਵਾਣ ਵੱਲ ਜਾਣ ਦਾ ਸੁਭਾਅ ਨਹੀਂ ਤਿਆਗਦਾ। ਗੁਰਮੁਖ ਕਿਸੇ ਵੀ ਸੰਗਤ ਵਿੱਚ ਜਾਵੇ, ਉਹ ਸ਼ੁਭ ਆਚਰਣ ਨਹੀਂ ਤਿਆਗੇਗਾ। ਪੱਥਰ ਰੂਪ ਨਹੀਂ ਬਦਲਦਾ, ਪਾਣੀ ਵਿੱਚ ਰਲਦਾ ਨਹੀਂ। ਪਾਣੀ ਦੀ ਧਾਰਾ ਨੂੰ ਰੋਕਣ ਵਿੱਚ ਉਹ ਸਦਾ ਕਾਮਯਾਬ ਨਹੀਂ ਹੋ ਸਕਦਾ। ਪਾਣੀ ਰਸਤੇ ਵਿੱਚਲੇ ਪੱਥਰ ਨੂੰ ਵਹਾ ਕੇ ਲੈ ਜਾਵੇਗਾ, ਜਾਂ ਫਿਰ ਉਸ ਦੇ ਉਪਰੋਂ, ਖੱਬਿਓਂ, ਸੱਜਿਓਂ, ਲੰਘ ਜਾਵੇਗਾ, ਪਰ ਰੁਕੇਗਾ ਨਹੀਂ। ਰੁਕਣਾ ਮੌਤ ਹੈ। ਉਸ ਨੇ ਸਾਗਰ ਵੱਲ ਤੁਰਦੇ ਜਾਣਾ ਹੈ। ਇੱਕ ਗੁਰਸਿੱਖ ਨੂੰ ਸਿੱਖੀ ਦੇ ਮਾਰਗ ਤੋਂ ਕੌਣ ਰੋਕ ਸਕੇਗਾ?

ਪੱਥਰ ਨੂੰ ਖੰਡ ਖੰਡ ਕੀਤਾ ਜਾ ਸਕਦਾ ਹੈ, ਪਰ ਪਾਣੀ ਨੂੰ ਨਹੀਂ। ਗਲਤ ਵਿਚਾਰਧਾਰਾ ਕਦੇ ਸਥਿਰ ਨਹੀਂ ਰਹਿੰਦੀ। ਆਪਸੀ ਵਿਵਾਦ ਤੋਂ ਟੁਕੜੇ ਟੁਕੜੇ ਹੋ ਜਾਂਦੀ੍ਹੇ। ਜਦ ਵੀ ਇਹ ਟੁਕੜੇ ਆਪਸ ਵਿੱਚ ਖਹਿਣ, ਰਗੜ ਤੋ ਅੱਗ ਵੀ ਪੈਦਾ ਕਰ ਸਕਦੇ ਹਨ। ਹਰ ਪੱਥਰ ਦੀ ਵੱਖਰੀ ਕਠੋਰਤਾ ਦੁਸਰੇ ਨਾਲ ਮਿਲਣ ਤੋਂ ਇਨਕਾਰੀ ਹੈ। ਪਰ ਪਾਣੀ ਸਹਿਜੇ ਵਿਚ ਪਾਣੀ ਮਿਲ ਸਕਦਾ ਹੈ।

ਪਾਣੀ ਕਿਸੇ ਵੀ ਥਾਂ ਦਾ ਹੋਵੇ, ਹਮੇਸ਼ਾ ਦੋ ਹਿੱਸੇ ਹਾਈਡਰੋਜਨ ਅਤੇ ਇੱਕ ਹਿੱਸਾ ਆਕਸੀਜਨ ਤੋਂ ਬਣਿਆ ਹੋਵੇਗਾ। ਪਾਣੀ, ਪਾਣੀ ਨਾਲ ਮਿਲ ਕੇ ਇੱਕ ਮਿੱਕ ਹੋ ਜਾਦਾ ਹੈ ਅਤੇ ਨਿਖੇੜਨਾ ਔਖਾ ਹੈ। ਦੋ ਗੁਰਮੁਖ ਪਿਆਰੇ ਮਿਲਣ, ਤਦ ਵੀ ਉਹ ਇੱਕ ਹਨ। ਦਸ ਜਾਂ ਸੌ ਮਿਲਣ ਤਦ ਵੀ ਉਹ ਇੱਕ ਹੀ ਹਨ। ਉਨ੍ਹਾਂ ਦੀ ਰਚਨਾ ਵੀ ਇੱਕ ਹੈ, ਗੁਣ ਅਤੇ ਮੰਜਲ ਵੀ ਇੱਕੋ ਹੈ। ਪੱਥਰ ਲੱਖ ਯਤਨ ਕਰੇ, ਪਾਣੀ ਨੂੰ ਦੋ ਨਹੀਂ ਕਰ ਸਕਦਾ। "ਸੋਟਾ ਮਾਰਿਆਂ ਪਾਣੀ ਦੋ ਨਹੀਂ ਹੁੰਦੇ"। ਪਾਣੀ ਵਿੱਚ ਕਿੰਨੇ ਹੀ ਪੱਥਰ ਕਿਉਂ ਨਾ ਸੁੱਟੀਏ, ਪਾਣੀ ਦੋ ਨਹੀਂ ਹੋਵੇਗਾ। ਉਹ ਤਾਂ ਸਿਰਫ਼ ਇੱਕ ਹੈ।

"ਹਰਿ ਹਰਿ ਜਨ ਦੁਈ ਏਕ ਹੈ।"

ਪੱਥਰ ਨੂੰ ਤੋੜਿਆ ਜਾ ਸਕਦਾ ਹੈ, ਪਾਣੀ ਜੋੜਿਆ ਜਾ ਸਕਦਾ ਹੈ। ਗੁਰਸਿੱਖ ਜੁੜਦਾ ਹੈ ਅਤੇ ਜੋੜਦਾ ਵੀ ਹੈ। ਦੁਸ਼ਟ ਬੁੱਧੀ 'ਸਥਿਰ ਆਤਮਾ' ਨੂੰ ਡੁਲਾ ਨਹੀਂ ਸਕਦੀ। ਗੁਰਸਿੱਖ, ਮਨਮੁੱਖ ਉਤੇ ਪ੍ਰਭਾਵ ਪਾ ਸਕਦਾ ਹੈ। ਪੱਥਰ ਕਦੇ ਪਾਣੀ ਨੂੰ ਪੱਥਰ ਨਹੀਂ ਬਣਾ ਸਕਦਾ। ਕਦੇ ਵੀ ਉਹ ਪਾਣੀ ਤੋਂ ਉਸ ਦਾ ਵਹਾਅ, ਉਸ ਦੀ ਨਿਰਮਲਤਾ ਨਹੀਂ ਖੋਹ ਸਕਿਆ।

ਮਨਮੁੱਖ ਦੇ ਲੱਖ ਯਤਨ ਕਰਿਆਂ ਵੀ ਇੱਕ ਧਾਰਾ ਵਿੱਚ ਬੱਝ ਚੁੱਕੀ ਆਤਮਾ ਨਹੀਂ ਹਿੱਲੇਗੀ। ਉਹ ਆਪਣੇ ਸਾਗਰ (ਅਕਾਲ-ਪੁਰਖ) ਵੱਲ ਚਲਣਾ ਜਾਰੀ ਰੱਖੇਗੀ। ਪਰ ਕੀ ਪਾਣੀ ਪੱਥਰ ਤੇ ਕੋਈ ਪ੍ਰਭਾਵ ਪਾ ਸਕਦਾ ਹੈ? ਭਾਈ ਗੁਰਦਾਸ ਜੀ ਨੇ (ਵਾਰ ੩੫ ਵਿਚ) ਕਿਹਾ ਸੀ;

"ਪਥਰੁ ਪਾਣੀ ਰਖੀਐ, ਮਨਿ ਹਠੁ ਨਾ ਘਟੈ ॥
"

ਕਿੰਨੀ ਸ਼ਾਨਦਾਰ ਹਕੀਕਤ ਹੈ! ਪੱਥਰ ਨੇ ਆਪਣਾ ਹਠ ਨਹੀਂ ਛੱਡਣਾ। ਮਨਮੁਖ ਆਪਣੇ ਮੰਦੇ ਕਰਮ ਅਤੇ ਮਾੜੀ ਸੋਚ ਨਹੀਂ ਤਿਆਗ ਸਕਦਾ। ਪੱਥਰ ਤੇ ਪਾਣੀ ਦੀ ਇੱਕ ਬੰਨ੍ਹਵੀ ਧਾਰ ਡਿਗਦੀ ਰਹੇ, ਭਾਵੇਂ ਛੋਟੀ ਜਿਹੀ ਧਾਰ ਹੋਵੇ, ਪੱਥਰ ਵਿੱਚ ਇੱਕ ਛੋਟਾ ਜਿਹਾ ਟੋਇਆ ਜਿਹਾ ਪੈ ਜਾਵੇਗਾ। ਉਹ ਪਾਣੀ ਨੇ ਖੋਰਿਆ ਹੈ, ਤੋੜਿਆ ਨਹੀਂ। ਪਾਣੀ ਤਾਂ ਉਸ ਨੂੰ ਵੀ ਆਪਣੇ ਨਾਲ ਵਹਾ ਕੇ ਲੈ ਗਿਆ ਹੈ। ਇੱਕ ਦੁਸ਼ਟ-ਬੁੱਧੀ, ਮਨਮਤਿ ਵਾਲੇ ਨੂੰ, ਗੁਰੂ ਤੋਂ ਵਿਛੜੀ ਰੂਹ ਨੂੰ ਵੀ ਅਸਲ ਸੇਧ ਮਿਲ ਸਕਦੀ ਹੈ। ਪਰ ਸਿਰਫ਼ ਪਾਣੀ ਵਿੱਚ ਰੱਖਣ ਨਾਲ ਨਹੀਂ, ਸਗੋਂ ਬੰਨ੍ਹਵੀਂ ਧਾਂਰ ਪੈਣ ਨਾਲ।

ਗੁਰਸਿੱਖਾਂ ਵੱਲੋਂ ਗੁਰਮਤਿ, ਦ੍ਰਿੜ ਇਰਾਦੇ, ਆਸ਼ਾਵਾਦੀ ਸੋਚ ਨਾਲ ਲਗਾਤਾਰ ਕੀਤਾ ਪ੍ਰਚਾਰ ਮਨਮੁੱਖ ਨੂੰ ਵੀ ਗੁਰਮਤਿ ਵੱਲ ਲਿਆ ਸਕਦਾ ਹੈ। ਸਮਾਂ ਬਹੁਤ ਲੱਗੇਗਾ। ਅਰਦਾਸ ਕਰੀਏ ਸਾਡੇ ਵਿਚ ਵੀ ਨਦੀ ਦੀ ਧਾਰਾ, ਸ਼ਾਂਤ ਸੁਭਾਅ, ਗਹਿਰਾਈ ਵਰਗੇ ਗੁਣ ਆਉਣ ਤਾਂ ਕਿ ਅਸੀਂ ਵੀ ਆਪਣੇ ਮੂਲ ਸਾਗਰ ਵੱਲ ਵਧਦੇ ਜਾਈਏ। ਪੱਥਰਾਂ ਨੂੰ ਵੀ ਖਿੱਚੀ ਆਈਏ। ਯਤਨ ਕਰੀਏ ਕਿ ਅਰਦਾਸ, ਨਿਮਰਤਾ, ਦ੍ਰਿੜਤਾ ਅਤੇ ਗਤੀ ਸਦਾ ਸਾਡੇ ਜੀਵਨ ਦੇ ਉਦੇਸ਼ ਬਣੇ ਰਹਿਣ।

GURMAT DOCTRINES By Dr. Kala Singh
https://youtu.be/GgfU2o_bnX0
Link for Gurmat Doctrines
Part1 https://www.amazon.com/dp/B09162R71J...
Part 2: https://www.amazon.com/dp/B09ZCYX8HS...
Part 3: https://www.amazon.com/dp/B0C87C1GGB...



**ਕੈਲਗਰੀ ਲੇਖਕ ਸਭਾ ਨੇ 3 ਫਰਵਰੀ 2024 ਨੂੰ ਸਰਦਾਰ ਜਸਵਿੰਦਰ ਸਿੰਘ ਰੁਪਾਲ ਦੀਆਂ ਪੁਸਤਕਾਂ 'ਕੀਤੋਸੁ ਆਪਣਾ ਪੰਥ ਨਿਰਾਲਾ' ਅਤੇ 'ਰਸੀਲਾ ਕਾਵਿ" ਰਿਲੀਜ਼ ਕੀਤੀਆਂ।**



## ਪੰਜਾਬ ਵਿਚ ਵਿੱਦਿਆ ਦੇ ਮੰਦਭਾਗ : ਭਾਗ – 2

## (ਭਾਰਤ ਵਿਚ ਉੱਚ ਸਿੱਖਿਆ ਦੀ ਗਿਰਾਵਟ)

### ਪ੍ਰੋਫੈਸਰ ਡਾ. ਜੈ ਰੂਪ ਸਿੰਘ

ਆਜ਼ਾਦੀ ਤੋਂ ਬਾਅਦ ਜਦੋਂ ਤਕ ਭਾਰਤ ਦੀ ਵਾਗ ਡੋਰ ਪੜ੍ਹੇ ਲਿਖੇ ਆਜ਼ਾਦੀ ਘੁਲਾਟੀਆਂ ਦੇ ਵਸ ਰਹੀ, ਮੁਲਕ ਵਿਚ ਪੜਾਈ ਦੇ ਖੇਤਰ ਵੱਲ ਧਿਆਨ ਦਿੱਤਾ ਗਿਆ। ਨਵੇਂ ਕਾਲਜ, ਯੂਨੀਵਰਸਿਟੀਆਂ, ਆਈ. ਆਈ. ਟੀ. ਵਰਗੇ ਤਕਨੀਕੀ ਅਦਾਰੇ ਖੋਲ੍ਹੇ ਗਏ। ਪਰ ਇਸ ਦੌੜ ਵਿਚ ਇਕ ਪੜਾਅ ਤੇ ਪੜ੍ਹਾਈ ਦੀ ਗੱਡੀ ਪਟੜੀ ਤੋਂ ਉਤਰ ਗਈ। ਪੜ੍ਹਿਆਂ ਲਿਖਿਆਂ ਨੇ ਸਰਕਾਰ ਦੀਆਂ ਨੀਤੀਆਂ ਨੂੰ ਘੋਖਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਬਣਦੇ ਹੱਕ ਮੰਗਣੇ ਸ਼ੁਰੂ ਕਰ ਦਿੱਤੇ। ਸਰਕਾਰਾਂ ਲਈ ਅਨਪੜ੍ਹਾਂ ਨੂੰ ਸਬਜ਼ ਬਾਗ਼ ਵਿਖਾ ਕੇ, ਝਾਂਸੇ ਦੇ ਕੇ, ਮਗਰ ਲਾਉਣਾ ਸੌਖਾ ਹੁੰਦਾ ਹੈ।

ਪਾੜ੍ਹਿਆਂ ਦੇ ਜਵਾਬ ਦੇਣੇ ਔਖੇ ਹੋ ਜਾਂਦੇ ਹਨ। ਸੋ ਸਰਕਾਰਾਂ ਨੇ ਵਿੱਦਿਆ ਖੇਤਰ ਨੂੰ ਚਿੱਟਾ ਹਾਥੀ ਸਮਝਣਾ ਸ਼ੁਰੂ ਕਰ ਦਿੱਤਾ। ਮੁਲਕ ਵਿਚ ਸਿੱਖਿਆ ਦੇ ਡਿੱਗ ਰਹੇ ਮਿਆਰ ਬਾਰੇ ਵਾਰ-ਵਾਰ ਕਈ ਵੱਖ-ਵੱਖ ਅਦਾਰਿਆਂ ਵੱਲੋਂ ਚਿੰਤਾ ਜਤਾਈ ਜਾਂਦੀ ਰਹੀ ਹੈ। ਇਕ ਵੱਡੇ ਅਦਾਰੇ 'ਇਨਫੋਸਿਸ' ਦੀ 2006 ਦੀ ਰਿਪੋਰਟ ਮੁਤਾਬਕ ਉਨ੍ਹਾਂ ਕੋਲ ਆਈਆਂ 13 ਲੱਖ ਕੰਪਿਊਟਰ ਵਾਲਿਆਂ ਦੀ ਅਰਜ਼ੀਆਂ ਵਿੱਚੋਂ ਸਿਰਫ਼ 2% ਤੋਂ ਘੱਟ ਨੌਕਰੀ ਬਾਰੇ ਜਾਚਣ-ਯੋਗ ਸਨ। ''ਯੂਨੀਵਰਸਿਟੀ ਗਰਾਂਟਸ ਕਮਿਸ਼ਨ' (ਯੂ. ਜੀ. ਸੀ) ਦੀ 2012-13 ਦੀ ਰਿਪੋਰਟ ਮੁਤਾਬਕ ਮੁਲਕ ਦੀਆਂ 28% ਯੂਨੀਵਰਸਿਟੀਆਂ ਅਤੇ 80% ਕਾਲਜ ਮਾੜੇ ਮਿਆਰ ਕਰ ਕੇ, ਮਾਲੀ ਸਹਾਇਤਾ ਲੈਣ ਦੇ ਯੋਗ ਨਹੀਂ ਸਨ।



'ਐਸ਼ੋਕੈਮ' ਜੋ ਭਾਰਤ ਦੇ ਵਪਾਰੀਆਂ ਤੇ ਉਦਯੋਗ-ਪਤੀਆਂ ਦੀ ਇਕ ਉੱਚ ਸੰਸਥਾ ਹੈ, ਉਨ੍ਹਾਂ ਨੇ 2016 ਵਿਚ ਮੁਲਕ ਦੇ 5500 ਐਮ. ਬੀ. ਏ. ਦੀਆਂ ਡਿਗਰੀਆਂ ਦੇਣ ਵਾਲੀਆਂ ਸੰਸਥਾਵਾਂ ਦੀ ਪੜਤਾਲ ਕਰਵਾਈ ਤੇ ਐਲਾਨਿਆ ਕਿ ਇਨ੍ਹਾਂ ਵਿੱਚੋਂ 95% ਨੌਕਰੀ ਦੇ ਕਾਬਲ ਨਹੀਂ ਹਨ।

ਭਾਰਤ ਵਿਚ ਬਦਲਦੀਆਂ ਸਰਕਾਰਾਂ ਵਿਚਕਾਰ ਕਦੇ-ਕਦੇ ਕਈ ਸੁਨਹਿਰੀ ਵਕਤ ਵੀ ਆਏ ਜਦੋਂ ਉੱਚ ਕੋਟੀ ਦੀ ਵਿੱਦਿਆ ਦੀ ਮਹੱਤਤਾ ਨੂੰ ਸਰਕਾਰ ਨੇ ਸਮਝਿਆ ਤੇ ਵਧਣ-ਫੁੱਲਣ ਲਈ ਪ੍ਰੇਰਨਾ ਦਿੱਤੀ। ਪਿਛਲੇ ਕੁਝ ਦਹਾਕਿਆਂ ਵਿਚ ਇਹ ਉਹ ਸਮਾਂ ਸੀ ਜਦੋਂ ਡਾ. ਅਬਦੁਲ ਕਲਾਮ ਜਾਂ ਸ੍ਰੀ ਪ੍ਰਣਾਬ ਮੁਖ਼ਰਜੀ ਰਾਸ਼ਟਰਪਤੀ ਸਨ ਜਾਂ ਜਦੋਂ ਡਾ. ਮਨਮੋਹਨ ਸਿੰਘ ਹੋਰੀਂ ਪ੍ਰਧਾਨ ਮੰਤਰੀ ਸਨ। ਇਨ੍ਹਾਂ ਸਿਆਣੇ, ਪੜ੍ਹੇ ਲਿਖੇ ਉੱਚ ਕੋਟੀ ਦੇ ਉੱਘੇ ਸਿਆਸਤਦਾਨਾਂ ਨੇ ਵਾਰ ਵਾਰ ਪੜ੍ਹਾਈ ਦੇ ਡਿੱਗ ਰਹੇ ਮਿਆਰ ਵੱਲ ਚਿੰਤਾ ਵਿਖਾਈ ਅਤੇ ਸਸਤੀ ਤੇ ਮਿਆਰੀ ਉੱਚ ਸਿੱਖਿਆ ਦੀ ਲੋੜ ਲਈ ਜ਼ੋਰ ਦਿੱਤਾ।

ਸਨ 2006 ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਕਾਲਜ ਮਾੜੇ ਮਿਆਰ ਕਰ ਕੇ, ਮਾਲੀ ਸਹਾਇਤਾ ਲੈਣ ਦੇ ਯੋਗ ਨਹੀਂ ਸਨ।ਸਿੰਘ ਹੋਰਾਂ ਕਿਹਾ ਕਿ ਭਾਰਤੀ ਯੂਨੀਵਰਸਿਟੀਆਂ ਵਿਚ ਸਾਇੰਸ ਦੀ ਖੋਜ ਦਾ ਮਿਆਰ ਬਹੁਤ ਨੀਵਾਂ ਹੈ ਤੇ ਉਹ ਅਗਲੇ ਪੰਜ ਸਾਲਾਂ ਵਿਚ ਸਾਇੰਸ ਤੇ ਤਕਨਾਲੋਜੀ ਦਾ ਬਜਟ ਦੁੱਗਣਾ ਕਰ ਦੇਣਗੇ। ਸਨ 2007 ਵਿਚ ਉਨ੍ਹਾਂ ਨੇ ਫੇਰ ਚਿੰਤਾ ਪ੍ਰਗਟਾਈ ਤੇ ਕਿਹਾ ਕਿ ਮੁਲਕ ਦੀਆਂ 66% ਯੂਨੀਵਰਸਿਟੀਆਂ ਅਤੇ 90% ਕਾਲਜ ਔਸਤ ਦਰਜੇ ਤੋਂ ਹੇਠਾਂ ਹਨ। ਮੁਲਕ ਦੇ ਗਿਆਰਵੇਂ ਰਾਸ਼ਟਰਪਤੀ ਡਾ. ਅਬਦੁਲ ਕਲਾਮ ਜੀ ਨੇ 2012 ਵਿਚ ਕਿਹਾ ਸੀ ਕਿ ਸਾਡੇ ਮੁਲਕ ਵਿਚ ਖੋਜ ਦੀ ਸੰਸਕ੍ਰਿਤੀ ਦੀ ਘਾਟ ਹੈ ਅਤੇ ਖੋਜ ਦੇ ਬਜਟ ਨੂੰ ਤਿੰਨ ਗੁਣਾ ਵਧਾਉਣਾ ਦੀ ਲੋੜ ਹੈ। ਦਸੰਬਰ 2012 ਵਿਚ ਉਸ ਵੇਲੇ ਦੇ ਰਾਸ਼ਟਰਪਤੀ ਸ੍ਰੀ ਪ੍ਰਣਾਬ ਮੁਖ਼ਰਜੀ ਨੇ ਕਿਹਾ ਕਿ ਦੇਸ਼ ਵਿਚ ਉੱਚ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਕਰਨ ਦੀ ਲੋੜ ਹੈ। ਉਨਾਂ ਨੇ 2013 ਵਿਚ ਵੀ ਉੱਚੇਰੀ ਸਿੱਖਿਆ ਦੇ ਮਿਆਰ ਬਾਬਤ ਨਿਰਾਸ਼ਾ ਪ੍ਰਗਟਾਈ ਅਤੇ ਕਿਹਾ ਕਿ ਮੁਲਕ ਵਿਚ ਮਿਆਰੀ ਸਿੱਖਿਆ ਦੇਣ ਵਾਲੇ ਉੱਚ ਅਦਾਰੇ ਬਹੁਤ ਘੱਟ ਹਨ। ਉਨਾਂ ਨੇ ਕਿਹਾ ਕਿ ਵਿੱਦਿਆ ਨੂੰ ਇਕ ਵਪਾਰ ਨਹੀਂ ਬਣਨ ਦੇਣਾ ਚਾਹੀਦਾ ਅਤੇ ਇਸ ਨੂੰ ਤਜਾਰਤੀ ਢੰਗ ਉੱਤੇ ਨਹੀਂ ਚਲਾਉਣਾ ਚਾਹੀਦਾ।

ਇਸੇ ਸਾਲ ਫਰਵਰੀ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹੋਰਾਂ ਨੇ ਦੁਬਾਰਾ ਕਿਹਾ ਕਿ ਸਾਡੀਆਂ ਉੱਚ ਸਿੱਖਿਆ ਵਾਲੀਆਂ ਬਹੁਤੀਆਂ ਸੰਸਥਾਵਾਂ ਮਿਆਰੀ ਨਹੀਂ ਹਨ। ਨਵੰਬਰ ਵਿਚ ਉਨਾਂ ਨੇ ਫੇਰ ਚਿੰਤਾ ਵਿਖਾਈ ਕਿ ਸਾਨੂੰ ਉੱਚੇਰੀ ਸਿੱਖਿਆ ਦਾ ਮਿਆਰ ਉੱਚਾ ਕਰਨ ਦੀ ਲੋੜ ਹੈ। ਅਗਸਤ 2014 ਵਿਚ ਰਾਸ਼ਟਰਪਤੀ ਸ੍ਰੀ ਪ੍ਰਣਾਬ ਮੁਖ਼ਰਜੀ ਨੇ ਫੇਰ ਭਾਰਤ ਵਿਚ ਉਚੇਰੀ ਸਿੱਖਿਆ ਦੇ ਘਟੀਆ ਹੋਣ ਬਾਰੇ ਚਿੰਤਾ ਜ਼ਾਹਰ ਕੀਤੀ।

ਉਨਾਂ ਨੇ ਫਰਵਰੀ 2016 ਵਿਚ ਬਹੁਤ ਹੀ ਮਹੱਤਵਪੂਰਨ ਬਿਆਨ ਦਿੱਤਾ ਕਿ ਭਾਰਤ ਦੀ ਉੱਚ ਸਿੱਖਿਆ ਦੇ ਮਿਆਰ ਨੂੰ ਡੇਗਣ ਲਈ ਨਿੱਜੀ ਯੂਨੀਵਰਸਿਟੀਆਂ ਜ਼ਿੰਮੇਵਾਰ ਹਨ। ਇਨ੍ਹਾਂ ਪਤਵੰਤੇ ਸੂਝਵਾਨ ਆਗੂਆਂ ਦੇ ਬਾਅਦ ਬਿਹਤਰ ਤੇ ਸਸਤੀ ਪੜ੍ਹਾਈ ਸਿਰਫ਼ ਬਿਆਨਬਾਜ਼ੀ ਤੱਕ ਹੀ ਰਹਿ ਗਈ ਤੇ ਸਿਰਫ਼ ਵਿਖਾਵੇ ਲਈ, ਬਿਨ੍ਹਾਂ ਉੱਚਿਤ ਮਾਲੀ ਸਹਾਇਤਾ ਤੋਂ, ਬਿਨ੍ਹਾਂ ਲਾਇਕ ਵਿਧਿਆਪਕਾਂ ਦੇ, ਮਿਆਰਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਨਵੀਆਂ ਯੂਨੀਵਰਸਿਟੀਆਂ ਧੜਾ-ਧੜ ਖੋਲੀਆਂ ਗਈਆਂ।

ਨਿੱਜੀ ਅਦਾਰੇ, ਜੋ ਪਹਿਲਾਂ ਸਕੂਲ, ਕਾਲਜ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝ ਕੇ ਖੋਲਦੇ ਸੀ, ਉਨਾਂ ਨੇ ਸਕੂਲਾਂ, ਕਾਲਜਾਂ ਦੇ ਬਾਅਦ ਯੂਨੀਵਰਸਿਟੀਆਂ ਨੂੰ ਇਕ ਟੈਕਸ-ਮੁਕਤ ਆਮਦਨ ਦਾ ਜ਼ਰੀਆ ਬਣਾ ਲਿਆ ਤੇ ਕਈਆਂ ਤੋਂ ਡਿਗਰੀਆਂ ਤਕਰੀਬਨ ਮੁੱਲ ਵਿਕਣ ਲੱਗ ਪਈਆਂ। ਨਤੀਜਾ ਇਹ ਹੋਇਆ ਕਿ ਪੜ੍ਹਾਈ ਦਾ ਮਿਆਰ ਹੋਰ ਹੇਠਾਂ ਡਿੱਗਿਆ। ਪੜ੍ਹਿਆਂ ਹੋਇਆਂ ਲਈ ਕੋਈ ਨੌਕਰੀਆਂ ਨਹੀਂ ਸਨ ਕਿਉਂਕਿ ਉਨ੍ਹਾਂ ਕੋਲ ਡਿਗਰੀਆਂ ਤਾਂ ਸਨ ਪਰ ਆਉਂਦਾ ਕੁਝ ਨਹੀਂ ਸੀ।

ਸਿਰਫ਼ ਨੰਬਰਾਂ ਤੇ ਸੰਖਿਆ ਉੱਪਰ ਜ਼ੋਰ ਦਿੱਤਾ ਗਿਆ, ਉੱਚ-ਮਿਆਰ ਤੇ ਯੋਗਤਾ ਉੱਪਰ ਨਹੀਂ। ਆਜ਼ਾਦੀ ਵੇਲੇ (1947) ਭਾਰਤ ਦੀ ਆਬਾਦੀ ਤਕਰੀਬਨ 30 ਕਰੋੜ ਸੀ ਅਤੇ 20 ਯੂਨੀਵਰਸਿਟੀਆਂ ਤੇ 496 ਕਾਲਜ ਸਨ ਜਿਨ੍ਹਾਂ ਵਿਚ 2,41,369 ਬੱਚੇ ਪੜ੍ਹਦੇ ਸਨ। ਇਸ ਤੋਂ ਬਾਅਦ 2021 ਤਕ ਆਬਾਦੀ ਦੇ ਕਿਸ ਅਨੁਪਾਤ ਵਿਚ ਕਾਲਜ ਤੇ ਯੂਨੀਵਰਸਿਟੀਆਂ ਵਧੀਆਂ ਇਸ ਦਾ ਅੰਦਾਜ਼ਾ ਇਨ੍ਹਾਂ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ।

-----------------------------------------------

| | 1951 | 2021 | ਕਿੰਨੇ ਗੁਣਾ ਵਾਧਾ |
|---|---|---|---|
| ਆਬਾਦੀ | 37 ਕਰੋੜ | 139.4 ਕਰੋੜ | 3.76 |
| ਉੱਚ ਸਿੱਖਿਆ ਵਾਲੇ ਵਿਦਿਆਰਥੀ | 4 ਲੱਖ | 326 ਲੱਖ | 18.5 |
| ਕਿੰਨੇ ਕਾਲਜ | 498 | 43,796 | 87.6 |
| ਕਿੰਨੀਆਂ ਯੂਨੀਵਰਸਿਟੀਆਂ | 27 | 1,113 | 55.6 |

-----------------------------------------------

ਧੜਾ-ਧੜ ਘੱਟ ਮਿਆਰ ਵਾਲੀਆਂ ਯੂਨੀਵਰਸਿਟੀਆਂ ਖੁੱਲੀਆਂ। 70 ਸਾਲਾਂ ਵਿਚ ਆਬਾਦੀ ਚਾਰ ਗੁਣਾਂ ਤੋਂ ਘੱਟ ਵਧੀ ਪਰ ਕਾਲਜਾਂ ਦੀ ਗਿਣਤੀ 87.6 ਗੁਣਾ ਵਧੀ ਤੇ ਯੂਨੀਵਰਸਿਟੀਆਂ ਦੀ 55.6 ਗੁਣਾ, ਇਹ ਵਿਖਾਉਣ ਲਈ ਕਿ ਸਾਡੇ ਰਾਜ ਵਿਚ ਕਿੰਨੀਆਂ ਨਵੀਆਂ ਯੂਨੀਵਰਸਿਟੀਆਂ ਤੇ ਕਾਲਜ ਖੋਲ੍ਹੇ ਗਏ।

ਬੇਲੋੜੇ ਖੋਲ੍ਹੇ ਵਿੱਦਿਅਕ ਅਦਾਰਿਆਂ ਦੇ ਨਤੀਜੇ :

ਦਸੰਬਰ 2022 ਵਿਚ ਲੋਕ ਸਭਾ ਵਿੱਚ ਦੱਸਿਆ ਗਿਆ ਕਿ ਮੁਲਕ ਵਿਚ 4 ਲੱਖ 21 ਹਜ਼ਾਰ ਸੀਟਾਂ ਇੰਜੀਨੀਅਰਿੰਗ ਇੰਸਟੀਚਿਊਟਾਂ ਵਿਚ ਖ਼ਾਲੀ ਪਈਆਂ ਹਨ, ਜੋ ਤਕਰੀਬਨ 34% ਬਣਦੀਆਂ ਹਨ। ਮਾਰਚ 2023 ਵਿਚ ਸਿਹਤ ਦੇ ਰਾਜ ਮੰਤਰੀ ਨੇ ਲੋਕ ਸਭਾ ਵਿਚ ਦੱਸਿਆ ਕਿ 2022 ਵਿਚ 17 ਲੱਖ 64 ਹਜ਼ਾਰ ਬੱਚਿਆਂ ਨੇ ਮੈਡੀਕਲ ਕਾਲਜਾਂ ਵਿਚ ਦਾਖ਼ਲਾ ਲੈਣ ਦਾ ਸਾਂਝਾ ਟੈਸਟ ਦਿੱਤਾ ਸੀ। ਇਨਾਂ ਵਿੱਚੋਂ ਜੋ ਦਾਖ਼ਲਾ ਲੈਣ ਦੇ ਯੋਗ ਪਾਏ ਗਏ, ਉਨ੍ਹਾਂ ਤੋਂ ਬਾਅਦ ਵਿਚ 96,077 ਸੀਟਾਂ ਖ਼ਾਲੀ ਰਹਿ ਗਈਆਂ। ਸਨ 2020 ਵਿਚ 83,275 ਸੀਟਾਂ ਖ਼ਾਲੀ ਰਹੀਆਂ ਤੇ 2021 ਵਿਚ ਖ਼ਾਲੀ ਸੀਟਾਂ ਦੀ ਗਿਣਤੀ 92,065 ਸੀ। ਇਸ ਸਾਲ ਡਾਕਟਰੀ ਪੇਸ਼ੇ ਵਿਚ ਉੱਚ ਸਿੱਖਿਆ, ਐੱਮ. ਡੀ., ਐੱਮ. ਐੱਸ. ਅਤੇ ਹੋਰ ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਦਾਖ਼ਲੇ ਦੇ ਇਮਤਿਹਾਨ ਵਿਚ ਘੱਟੋ ਘੱਟ ਮਿੱਥੇ ਹੋਏ ਨੰਬਰ ਵੀ ਬਹੁਤੇ ਵਿਦਿਆਰਥੀ ਨਹੀ ਲੈ ਸਕੇ। ਫਿਰ ਘੱਟ ਨੰਬਰਾਂ ਦਾ ਪੱਧਰ ਏਨਾ ਨੀਵਾਂ ਪਹੁੰਚਾ ਦਿੱਤਾ ਗਿਆ ਕਿ ਜਿਨਾਂ ਦੇ 'ਜ਼ੀਰੋ' ਨੰਬਰ ਵੀ ਆਏ ਉਹ ਵੀ ਦਾਖ਼ਲਾ ਲੈਣ ਦੇ ਯੋਗ ਕਰਾਰ ਦੇ ਦਿੱਤੇ ਗਏ। ਇਸ ਦੀ ਘੋਸ਼ਣਾ ਕੇਂਦਰੀ ਸਰਕਾਰ ਵੱਲੋਂ 20 ਸਤੰਬਰ 2023 ਨੂੰ ਜਾਰੀ ਕੀਤੀ ਗਈ। ਪੱਧਰ ਨੂੰ 'ਜ਼ੀਰੋ ਪ੍ਰਤੀਸ਼ਤ' 'ਤੇ ਲਿਆਉਣ ਤੋਂ ਬਾਅਦ ਵੀ 1400 ਸੀਟਾਂ ਖ਼ਾਲੀ ਹਨ।

ਜਿਹੜੇ ਇਕ ਨੰਬਰ ਵੀ ਹਾਸਲ ਨਹੀਂ ਕਰ ਸਕੇ ਉਹ ਕਿੰਨੇ ਵਧੀਆ 'ਵਿਸ਼ੇਸ਼ਗ' ਬਣ ਕੇ ਨਿਕਲਣਗੇ ਇਸ ਬਾਰੇ ਤੁਸੀਂ ਆਪ ਕਿਆਸ ਲਾ ਸਕਦੇ ਹੋ। ਜ਼ੋਰ ਸਿਰਫ਼ ਨਫ਼ਰੀ ਵਧਾਉਣ 'ਤੇ ਹੈ ਕਾਬਲੀਅਤ 'ਤੇ ਨਹੀਂ। ਹੁਣ ਬਹੁਤੇ ਮੈਡੀਕਲ ਕਾਲਜ ਨਿੱਜੀ ਅਦਾਰਿਆਂ ਵਿਚ ਹਨ। ਇਨਾਂ ਵਿੱਚੋਂ ਬਹੁਤਿਆਂ ਦਾ ਮਕਸਦ ਪੈਸੇ ਕਮਾਉਣਾ ਹੀ ਹੈ ਨਾ ਕਿ ਮਰੀਜ਼ ਠੀਕ ਕਰਨੇ।

## ਨਵਾਂ ਵਰ੍ਹਾ – ਔਰਤਾਂ ਲਈ ਨਵਾਂ ਕੀ?

ਡਾ. ਹਰਸ਼ਿੰਦਰ ਕੌਰ, ਪਟਿਆਲਾ–ਪੰਜਾਬ (ਭਾਰਤ)



ਸੰਨ 2017 ਵਿਚ ਭਾਰਤ ਵਿਚ ਔਰਤਾਂ ਦੀ ਬੇਪਤੀ ਕਰਨ ਦੇ 86,000 ਕੇਸ ਸਾਹਮਣੇ ਆਏ। ਸੰਨ 2021 ਵਿਚ ਇਹ ਗਿਣਤੀ 89,200 ਹੋ ਗਈ। ਬੇਪਤੀ ਕਰਨ ਵਾਲਿਆਂ ਵਿਚੋਂ 98 ਫੀਸਦੀ ਮਰਦ ਸਨ।

ਧਾਰਾ 354 ਵਿਚ ਇਹ ਤਥ ਸ਼ਾਮਲ ਹਨ : ਬੇਪਤੀ ਔਰਤ ਦੀ ਹੋਈ ਹੋਵੇ, ਬੇਪਤੀ ਕਰਨ ਵਾਲਾ ਆਪਣਾ ਪੂਰਾ ਜ਼ੋਰ ਅਤੇ ਰੁਤਬਾ ਵਰਤ ਰਿਹਾ ਹੋਵੇ ਅਤੇ ਔਰਤ ਨੂੰ ਬੇਇਜ਼ਤੀ ਮਹਿਸੂਸ ਹੋਈ ਹੋਵੇ। ਇਹ ਬੇਪਤੀ ਭੱਦੀ ਜ਼ਬਾਨ ਵਰਤ ਕੇ ਜਾਂ ਜ਼ੋਰ ਜ਼ਬਰਦਸਤੀ ਨਾਲ ਕੀਤੀ ਜਾ ਸਕਦੀ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ 2022 ਵਿਚ 31.4 ਫੀਸਦੀ ਔਰਤਾਂ ਵੱਲੋਂ ਮਾਰ ਕੁਟਾਈ ਸੰਬੰਧੀ ਜੋ ਰਿਪੋਰਟਾਂ ਦਰਜ ਹੋਈਆਂ, ਉਹ ਪਤੀ ਜਾਂ ਉਸ ਦੇ ਰਿਸ਼ਤੇਦਾਰਾਂ ਖਿਲਾਫ਼ ਸਨ, 19.2 ਫੀਸਦੀ ਉਧਾਲੇ ਜਾਣ ਦੀਆਂ, 18.7 ਫੀਸਦੀ ਬੇਪਤੀ ਦੀਆਂ ਅਤੇ 7.1 ਫੀਸਦੀ ਬਲਾਤਕਾਰ ਦੀਆਂ ਸਨ।

ਅਜਿਹੀਆਂ 4.45 ਲੱਖ ਐਫ.ਆਈ.ਆਰ. 2022 ਵਿਚ ਦਰਜ ਕੀਤੀਆਂ ਗਈਆਂ ਜੋ ਅਸਲ ਨਾਲੋਂ ਲਗਭਗ 60 ਗੁਣਾ ਘਟ ਸਨ ਕਿਉਂਕਿ ਪੂਰੇ ਕੇਸ ਸ਼ਿਕਾਇਤ ਕਰਨ ਪਹੁੰਚੇ ਹੀ ਨਹੀਂ ਤੇ ਕੁਝ ਨੂੰ ਚੁਪ ਕਰਵਾ ਦਿਤਾ ਗਿਆ।

ਭਾਰਤ ਸਰਕਾਰ ਦੇ ਰਿਕਾਰਡ ਵਿਚ 51 ਐਫ.ਆਈ.ਆਰ. ਪ੍ਰਤੀ ਘੰਟਾ ਦਰਜ ਹੋ ਰਹੀਆਂ ਹਨ। ਪ੍ਰਤੀ ਲਖ ਲੋਕਾਂ ਵਿਚੋਂ 268 ਔਰਤਾਂ ਭਾਰੀ ਜ਼ੁਲਮ ਦਾ ਸ਼ਿਕਾਰ ਹਨ। ਬਹੁਤੀਆਂ ਨੂੰ ਕਾਨੂੰਨ ਜਾਂ ਪੁਲਿਸ ਤੋਂ ਨਿਆਂ ਨਸੀਬ ਨਹੀਂ ਹੋਇਆ। ਦਿੱਲੀ ਔਰਤਾਂ ਪ੍ਰਤੀ ਜੁਰਮਾਂ ਲਈ ਭਾਰਤ ਵਿਚੋਂ ਪਹਿਲੇ ਨੰਬਰ ਤੇ ਹੈ ਜਿਥੇ 14,247 ਕੇਸ ਰਿਪੋਰਟ ਹੋਏ ਜੋ ਬਾਕੀ ਭਾਰਤ ਦੇ ਔਸਤਨ 66.4 ਦੀ ਥਾਂ 144.4 ਪ੍ਰਤੀ ਲਖ ਸਨ।

ਉੱਤਰ ਪ੍ਰਦੇਸ ਵਿਚ 66,743, ਮਹਾਰਾਸ਼ਟਰ ਵਿਚ 43,331, ਰਾਜਸਥਾਨ 45,058, ਬੰਗਾਲ ਵਿਚ 34,738 ਅਤੇ ਮੱਧ ਪ੍ਰਦੇਸ਼ ਵਿਚ 32,765 ਕੇਸ ਸਨ। ਇਨ੍ਹਾਂ ਵਿਚ 2,23,635 ਔਰਤਾਂ ਉੱਤੇ ਜ਼ੁਲਮ ਹੋਏ ਜੋ ਪੂਰੇ ਭਾਰਤ ਵਿਚ ਕੁਲ ਰਿਪੋਰਟ ਹੋਏ ਕੇਸਾਂ ਦਾ 50.2 ਫੀਸਦੀ ਹਿੱਸਾ ਹੈ।f

ਇਹ ਜੁਰਮ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਸੰਨ 2020 ਵਿਚ 3,71,503 ਅਤੇ 2021 ਵਿਚ 4,28,278 ਕੇਸ ਸਨ। ਕੰਮ ਕਾਰ ਵਾਲੀ ਥਾਂ ਜਾਂ ਉੱਚੇ ਅਹੁਦਿਆਂ ਉੱਤੇ ਬੈਠੀਆਂ ਔਰਤਾਂ ਨਾਲ ਹੁੰਦੀ ਜਿਨਸੀ ਛੇੜਛਾੜ ਬਹੁਤੀ ਵਾਰ ਬਾਹਰ ਨਹੀਂ ਜਾਂਦੀ। ਜ਼ਿਆਦਾਤਰ ਔਰਤ ਆਪਣਾ ਅਹੁਦਾ ਬਰਕਰਾਰ ਰੱਖਣ, ਸਮਾਜਿਕ ਸ਼ਰਮ ਜਾਂ ਤਰੱਕੀ ਵਿਚ ਫਸ ਕੇ ਚੁਪ ਰਹਿੰਦੀ ਹੈ।ਕੁਝ ਔਰਤਾਂ ਆਪ ਹੀ ਉੱਚੇ ਅਹੁਦੇ ਉੱਤੇ ਬੈਠੇ ਮਰਦ ਨਾਲ ਤਾਕਤ ਦਾ ਆਨੰਦ ਮਾਣਨ ਲਈ ਸਰੀਰਕ ਸੰਬੰਧ ਕਾਇਮ ਕਰ ਲੈਂਦੀਆਂ ਹਨ ਤੇ ਫਿਰ ਵਕਤ ਨਿਕਲ ਜਾਣ ਤੇ ਝੂਠੇ ਇਲਜ਼ਾਮ ਲਾ ਦਿੰਦੀਆਂ ਹਨ।

ਨੌਂ ਦਸੰਬਰ 2023, ਦੀ ਰਾਤ ਨੂੰ ਇਕ 19 ਸਾਲਾ ਗ਼ਰੀਬ ਬੇਟੀ ਆਪਣੇ ਮਾਮੇ ਕੋਲ ਨੌਕਰੀ ਲੈਣ ਲਈ ਕਾਨਪਰ ਤੋਂ ਜੈਪੁਰ ਬਸ ਵਿਚ ਗਈ। ਰਾਹ ਵਿਚ ਚਲਦੀ ਬਸ ਵਿਚ ਹੀ ਕੰਡਕਟਰ ਨੇ ਉਸ ਨੂੰ ਲੇਟਣ ਵਾਲੀ ਸੀਟ ਉੱਤੇ ਆਰਾਮ ਕਰਨ ਲਈ ਕਿਹਾ।ਬੇਟੀ ਨੇ ਟਿਕਟ ਮਹਿੰਗੀ ਹੋਣ ਕਾਰਨ ਸਿਰਫ਼ ਬੈਠਣ ਦੀ ਸੀਟ ਹੀ ਬੁਕ ਕੀਤੀ ਸੀ। ਕੰਡਕਟਰ ਨੇ ਆਪਣੀ ਕੇਬਿਨ ਵਿਚ ਲਗੇ ਬਿਸਤਰੇ ਉੱਤੇ ਉਸ ਨੂੰ ਆਰਾਮ ਕਰਨ ਲਈ ਕਿਹਾ।ਜਿਉਂ ਹੀ ਬੇਟੀ ਸੌਂ ਗਈ, ਵਾਰੋ ਵਾਰੀ ਦੋ ਡਰਾਈਵਰਾਂ ਅਤੇ ਕੰਡਕਟਰ ਨੇ ਉੱਚੀ ਗਾਣੇ ਲਾ ਕੇ, ਲੜਕੀ ਦਾ ਮੂੰਹ ਬੰਦ ਕਰ ਕੇ ਬਲਾਤਕਾਰ ਕੀਤਾ। ਸਵਾਰੀਆਂ ਘੂਕ ਸੁੱਤੀਆਂ ਰਹੀਆਂ। ਸਵੇਰੇ ਜੈਪੁਰ ਪਹੁੰਚ ਕੇ ਬੇਟੀ ਨੇ ਆਪਣੇ ਮਾਮੇ ਨੂੰ ਦੱਸਿਆ ਤਾਂ ਪੁਲਿਸ ਨੇ ਸ਼ਿਕਾਇਤ ਦਰਜ ਕੀਤੀ।

ਨਿੱਕੀਆਂ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਭਾਵੇਂ ਬਹੁਤ ਜ਼ਿਆਦਾ ਹਨ ਪਰ ਉਹ ਲੋਕਾਂ ਦੇ ਨਜ਼ਰਾਂ ਵਿਚ ਘਟ ਹੀ ਆਉਂਦੇ ਹਨ ਕਿਉਂਕਿ ਕੋਈ ਸ਼ਿਕਾਇਤਕਰਤਾ ਹੁੰਦਾ ਹੀ ਨਹੀਂ। ਜ਼ਿਆਦਾ ਮਾਮਲਿਆਂ ਵਿਚ ਕੋਈ ਰਿਸ਼ਤੇਦਾਰ ਜਾਂ ਜਾਣਕਾਰ ਇਹ ਕਾਰਾ ਕਰਦਾ ਹੈ। ਕਿਹਾ ਜਾਂਦਾ ਹੈ ਕਿ ਔਰਤ ਦਾ ਸਸ਼ਕਤੀਕਰਨ ਹੋਵੇ! ਜੇ ਔਰਤ ਉੱਚੇ ਅਹੁਦੇ ਉੱਤੇ ਹੋਵੇ ਜਾਂ ਕਾਨੂੰਨ ਅਤੇ ਨਿਆਂ ਵਿਚ ਸ਼ਾਮਲ ਹੋਵੇ ਤਾਂ ਉਹ ਬਚ ਸਕਦੀ ਹੈ। ਸੰਨ 2014 ਵਿਚ ਉੱਤਰ ਪ੍ਰਦੇਸ ਵਿਚ ਇਕ ਮਹਿਲਾ ਜੱਜ ਨੂੰ ਜਬਰੀ ਨਸ਼ਾ ਦੇ ਕੇ ਉਸ ਨਾਲ ਸਮੂਹਕ ਬਲਾਤਕਾਰ ਕੀਤਾ ਗਿਆ। ਬਦੌਣ ਵਿਖੇ ਦੋ ਨਾਬਾਲਗ ਭੈਣਾਂ ਦਾ ਸਮੂਹਕ ਬਲਾਤਕਾਰ ਕਰ ਕੇ ਜਿਸ ਬੇਹੂਦਗੀ ਨਾਲ ਉਨ੍ਹਾਂ ਨੂੰ ਮਾਰਿਆ ਗਿਆ ਉਹ ਦਿਲ ਕੰਬਾਊ ਸੀ। ਉਸ ਤੋਂ ਬਾਅਦ ਲਾਸ਼ਾਂ ਨੂੰ ਦਰਖਤ ਉੱਤੇ ਟੰਗ ਦਿਤਾ ਗਿਆ।

ਨਿਰਭਯਾ ਕਾਂਡ ਹੋਵੇ ਜਾਂ ਜੈਸਿਕਾ ਲਾਲ ਕਤਲ ਜਾਂ ਨੈਨਾ ਨੂੰ ਤੰਦੂਰ ਵਿਚ ਭੁੰਨ ਦੇਣ ਦੀ ਗੱਲ ਹੋਵੇ, ਇਨ੍ਹਾਂ ਵਿਚ ਕਦੇ ਵੀ ਕਮੀ ਨਹੀਂ ਆਈ, ਭਾਵੇਂ ਭਾਰਤ ਵਿਚ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਦੇ ਅਹੁਦਿਆਂ ਉੱਤੇ ਔਰਤ ਰਹੀ ਹੋਵੇ! ਕੇਰਲ ਵਿਖੇ ਵਕੀਲ ਨੇ ਬਲਾਤਕਾਰ ਪੀੜਤ ਮਹਿਲਾ ਦਾ ਕੇਸ ਲੜਨ ਦੌਰਾਨ ਤਿੰਨ ਵਾਰ ਉਸ ਦਾ ਜਬਰਜ਼ਨਾਹ ਕੀਤਾ, ਜਿਸ ਵਿਚ ਦੋ ਵਾਰ ਕੋਰਟ ਅੰਦਰਲੇ ਆਪਣੇ ਹੀ ਕਮਰੇ ਵਿਚ। ਫਿਰ ਉਸ ਹੱਥ ਜੋੜ ਕੇ ਮਹਿਲਾ ਕੋਲ ਬੇਨਤੀ ਕੀਤੀ ਕਿ ਉਹ ਸ਼ਿਕਾਇਤ ਵਾਪਸ ਲੈ ਲਵੇ, ਕਿਉਂਕਿ ਉਸ ਦੀ ਜੱਜ ਬਣਨ ਦੀ ਵਾਰੀ ਹੈ!

ਲੁਧਿਆਣੇ ਵਿਖੇ 24 ਜੂਨ 2022 ਨੂੰ 32 ਸਾਲਾ ਵਕੀਲ ਨੂੰ ਉਸ ਦੇ ਪਤੀ ਦੇ ਦੋਸਤ ਨੇ ਹੀ ਨਸ਼ਾ ਪਿਆ ਕੇ ਬੇਹੋਸ਼ ਕਰ ਕੇ ਆਪਣੇ ਸਾਥੀਆਂ ਨਾਲ ਸਮੂਹਕ ਬਲਾਤਕਾਰ ਕਰ ਕੇ ਵੀਡੀਓ ਬਣਾ ਲਈ ਗਈ। ਹੁਣ ਤਾਂ ਭਾਰਤ ਦੀ ਇਕ ਜੱਜ ਇੱਛਾ ਮੌਤ ਤਕ ਮੰਗਣ ਲਗ ਪਈ ਹੈ। ਕਾਰਨ ? ਉਹ ਆਪਣੇ ਆਪ ਨੂੰ ਜ਼ਿੰਦਾ ਲਾਸ਼ ਮੰਨਂ ਰਹੀ ਹੈ। ਚੀਫ ਜਸਟਿਸ ਨੂੰ ਲਿਖੇ ਪੱਤਰ ਵਿਚ ਉਸ ਨੇ ਕਿਹਾ ਕਿ ਮੈਂ ਇਸ ਉੱਚੀ ਪਦਵੀ ਉੱਤੇ ਰਹਿ ਕੇ ਵੀ ਔਰਤ ਹੋਣ ਦੇ ਨਾਤੇ ਕੂੜੇ ਦਾ ਢੇਰ ਮੰਨੀ ਗਈ ਹਾਂ। ਉਸ ਨੂੰ ਹੋਰ ਸਾਥੀ ਅਤੇ ਉੱਪਰਲੇ ਜੱਜਾਂ ਨੇ ਰਾਤਾਂ ਨੂੰ ਮੀਟਿੰਗਾਂ ਵਾਸਤੇ ਸੱਦ ਕੇ, ਸਰੀਰਕ ਸ਼ੋਸ਼ਣ ਕੀਤਾ ਜਿਸ ਦੀ ਕਿਤੇ ਸੁਣਵਾਈ ਨਹੀਂ ਹੋਈ! ਉਸ ਬਾਕੀ ਔਰਤਾਂ ਲਈ ਵੀ ਸੁਣੇਹਾ ਦਿੱਤਾ ਕਿ ਤੁਸੀਂ ਵੀ ਕਿਤੋਂ ਨਿਆਂ ਦੀ ਉਮੀਦ ਨਾ ਰਖਿਓ! ਜਿਥੇ ਭਾਰੀ ਗਿਣਤੀ ਜੱਜ ਹੀ ਬਲਾਤਕਾਰੀਏ ਹੋਣ ਤੇ ਔਰਤ ਜੱਜ ਵੀ ਸ਼ਿਕਾਰ ਬਣ ਰਹੀ ਹੋਵੇ, ਤਾਂ ਕਿਸ ਕੋਲੋਂ ਨਿਆਂ ਮੰਗਣ ਜਾ ਰਹੀਆਂ ਹੋ? ਨਿਤ ਵਧਦੇ ਜਾਂਦੇ ਔਰਤਾਂ ਪ੍ਰਤੀ ਜੁਰਮ ਕੁਝ ਗੱਲਾਂ ਸਪਸ਼ਟ ਕਰ ਰਹੇ ਹਨ :-

ਔਰਤਾਂ ਨੂੰ ਸ਼ਕਤੀ ਦਾ ਪ੍ਰਤੀਕ ਜ਼ਰੂਰ ਮੰਨਿਆ ਹੈ ਪਰ ਉਨ੍ਹਾਂ ਨੂੰ ਧਾਰਮਿਕ ਥਾਵਾਂ ਅੰਦਰ ਕੈਦ ਕਰ ਕੇ ਪੈਸੇ ਕਮਾਉਣ ਦੇ ਜ਼ਰੀਆ ਤਕ ਹੀ ਸੀਮਤ ਕਰ ਦਿਤਾ ਗਿਆ, ਜਿਥੇ ਔਰਤ ਦੀ ਪੱਤ ਲੁੱਟੇ ਜਾਣ ਦੀਆਂ ਖ਼ਬਰਾਂ ਨਸ਼ਰ ਹੋ ਚੁਕੀਆਂ ਹਨ। ਹੱਕਾਂ ਬਾਰੇ ਆਵਾਜ਼ ਚੁਕਦੀ ਔਰਤ ਨੂੰ ਚਰਿੱਤਰਹੀਣ ਕਾਂ ਮਾਨਸਿਕ ਰੋਗੀ ਕਹਿ ਕੇ ਉਸ ਦੇ ਹੱਕ ਵਿਚ ਹਰ ਆਵਾਜ਼ ਦਬਾ ਕੇ, ਮਰਨ ਦਿਤਾ ਜਾਂਦਾ ਹੈ।

ਨਿਆਂ ਪ੍ਰਣਾਲੀ ਕਮਜ਼ੋਰ ਹੋਣ ਕਰ ਕੇ ਪੂਰੀ ਉਮਰ ਕੋਰਟਾਂ ਦੇ ਧੱਕੇ ਖਾਂਦਿਆਂ ਮਾਨਸਿਕ ਤੌਰ ਉੱਤੇ ਔਰਤਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਆਪਸੀ ਵੈਰ ਭਾਵ ਹੋਣ ਕਰ ਕੇ ਧੀਆਂ ਦੀਆਂ ਕਦਰਾਂ ਉੱਕਾ ਹੀ ਮੁਕਾ ਦਿਤੀਆਂ ਗਈਆਂ ਹਨ ਤੇ ਰਾਖੇ ਬਣਨ ਵਾਲੇ ਬਚੇ ਹੀ ਨਹੀਂ। ਇੱਕ ਪੁਲਿਸ ਕਰਮੀ ਵੀ ਆਪਣੀ ਧੀ ਦੀ ਪਤ ਬਚਾਉਣ ਗਿਆ ਤਾਂ ਜ਼ਾਲਮਾਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ। ਔਰਤ ਸਿਰਫ਼ ਅਹੁਦਿਆਂ ਦਾ ਸ਼ਿੰਗਾਰ ਹੀ ਹੈ, ਪਰ ਤਾਕਤ ਵਿਹੂਣੀ ਹੋ ਕੇ!

ਔਰਤਾਂ ਦੇ ਥਾਨਿਆਂ ਵਿਚ ਵੀ ਔਰਤ ਅਫ਼ਸਰਾਂ ਦੇ ਉੱਤੇ ਬੈਠੇ ਮਰਦ ਅਫਸਰ ਹਿੰਸਾ ਸਹਿੰਦੀ ਔਰਤ ਦੇ ਹੱਕ ਵਿਚ ਬੋਲਣ ਦੀ ਥਾਂ ਆਪਸੀ ਸਮਝੌਤੇ ਨੂੰ ਤਰਜੀਹ ਦਿੰਦੇ ਹਨ। ਔਰਤ ਦੇ ਕਾਨੂੰਨੀ ਹੱਕ ਦਰਕਿਨਾਰ ਕਰਕੇ ਉਸੇ ਘਰ ਵਿਚ ਰਹਿਣ ਲਈ ਧੱਕਿਆ ਜਾਂਦਾ ਹੈ। ਕੋਈ ਦੱਸਣ ਦੀ ਹਿਮਾਕਤ ਤਾਂ ਕਰੇ ਕਿ ਹੁਣ ਔਰਤ ਲਈ ਭਾਰਤ ਵਿਚ ਕਿਹੜੀ ਥਾਂ ਸੁਰੱਖਿਅਤ ਹੈ? ਜੇ ਨਹੀਂ, ਤਾਂ ਕੀ ਇੱਕੋ ਰਾਹ ਬਚਿਆ ਹੈ – ਔਰਤ ਦੇ ਕੁੱਖੋਂ ਮਰਦ ਦੀ ਪੈਦਾਇਸ਼ ਹੋਣੀ ਬੰਦ ਹੋ ਜਾਏ? ਜੇ ਅਣਖੀ ਲੋਕ ਆਪਣੀ ਚੁੱਪੀ ਤੋੜ ਕੇ ਮੌਜੂਦਾ ਹਾਲਾਤ ਨੂੰ ਸਮਝ ਕੇ ਇਕਜੁਟ ਹੋ ਜਾਣ, ਤਾਂ ਆਉਣ ਵਾਲਾ ਸਮਾਂ ਸਹੀ ਕੀਤਾ ਜਾ ਸਕਦਾ ਹੈ! ਇਸ ਉਮੀਦ ਉੱਤੇ ਦੁਨੀਆ ਖੜ੍ਹੀ ਹੈ! ਔਰਤ ਨੂੰ ਕਦੇ ਤਾਂ ਇਸ਼ਤਿਹਾਰਾਂ ਵਿਚ ਸ਼ੈਅ ਵਿਖਾਉਣੀ ਬੰਦ ਕਰ ਕੇ ਰਿਸ਼ਤਿਆਂ ਦੇ ਨਿੱਘ ਦਾ ਆਧਾਰ ਮੰਨਣਾ ਸ਼ੁਰੂ ਕਰਕੇ ਘਰ ਵਿਚ ਸਹੀ ਅਰਥਾਂ ਵਿਚ ਬਰਾਬਰੀ ਦਾ ਦਰਜਾ ਦਿਆਂਗੇ!

## ਬਸੰਤ ਰਾਗ ਕੀਰਤਨ ਦਰਬਾਰ, ਕੈਲਗਰੀ (ਕੈਨੇਡਾ)




https://mail.google.com/mail/u/1/?ogb
l#inbox/FMfcgzGxRnkQzlrlPKLGpKCkzbpgzHXr

## 24 ਫਰਵਰੀ 2024 ਨੂੰ ਈ-ਦੀਵਾਨ ਕੈਲਗਰੀ ਵਲੋਂ ਕਰਵਾਏ ਗਏ
## ਬਸੰਤ ਰਾਗ ਕੀਰਤਨ ਦਰਬਾਰ ਦੀ ਰਿਪੋਰਟ

ਸ਼ੁਰੂ ਵਿਚ "ਬਸੰਤ ਰਾਗ ਕੀਰਤਨ ਦਰਬਾਰ" ਬਾਰੇ ਕੁਝ ਮੁੱਢਲੀ ਜਾਣਕਾਰੀ ਡਾ. ਰਾਜਾ ਬਲਰਾਜ ਸਿੰਘ (ਸੰਸਥਾਪਕ, ਈ-ਦੀਵਾਨ ਸੋਸਾਇਟੀ, ਕੈਲਗਰੀ) ਵਲੋਂ ਦਿੱਤੀ ਗਈ। ਸਰਦਾਰ ਪਰਮਜੀਤ ਸਿੰਘ (ਟੋਰੰਟੋ) ਨੇ ਸੱਚਖੰਡ ਦਰਬਾਰ ਸਾਹਿਬ, ਅਮ੍ਰਿਤਸਰ, ਵਿਚ ਇਸ ਪਰੰਪਰਾ ਦੇ ਇਤਿਹਾਸ ਅਤੇ ਗਾਇਨ ਦੇ ਸਮੇ ਬਾਰੇ ਸੰਖੇਪ ਵਿਚ ਸੰਗਤ ਨੂੰ ਜਾਣੂ ਕਰਵਾਇਆ। ਉਨ੍ਹਾਂ ਦੇ ਹੀ ਨਿਰਦੇਸ਼ਨ ਹੇਠ ਆਯੋਜਿਤ ਕੀਤੇ ਗਏ ਇਸ ਪ੍ਰੋਗਰਾਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਧਾਰਿਤ ਬਸੰਤ ਰਾਗ ਵਿਚ ਉਚਾਰਣ ਅਤੇ ਗਾਇਨ ਕੀਤੇ ਗਏ ਸ਼ਬਦਾਂ ਦਾ ਵੇਰਵਾ ਇਸ ਤਰ੍ਹਾਂ ਹੈ।

ਬਸੰਤੁ ਮਹਲਾ 3 : ਤੁਮ ਸਾਚੁ ਧਿਆਵਹੁ ਮੁਗਧ ਮਨਾ (ਅੰਗ-1176) ਅਤੇ
ਬਸੰਤੁ ਮਹਲਾ 5 : ਮਨੁ ਮਉਲਿਓ ਹਰ ਚਰਨ ਸੰਗਿ (ਅੰਗ-1184) :
: ਅਨੁਰੀਤ ਕੌਰ, ਅਮਿਤੋਜ ਕੌਰ ਅਤੇ ਮਨਰੀਤ ਕੌਰ (ਟੋਰੰਟੋ)

ਰਾਗ ਬਸੰਤੁ ਮਹਲਾ 1 ਘਰੁ 1 ਚਉਪਦੇ ਦੁਤੁਕੇ: ਭੋਲਿਆ ਹਉਮੈ ਸੁਰਤਿ ਵਿਸਾਰਿ (ਅੰਗ-1168) ਅਤੇ
ਬਸੰਤੁ ਮਹਲਾ 5 : ਦੇਖੁ ਫੂਲ ਫੂਲ਼ ਫੂਲੇ (ਅੰਗ-1185) : ਯੁਵਰਾਜ ਸਿੰਘ (ਕੈਲਗਰੀ)

ਰਾਗ ਬਸੰਤੁ ਮਹਲਾ 1 ਘਰੁ 1 ਚਉਪਦੇ ਦੁਤੁਕੇ: ਮਾਹਾ ਮਾਹ ਮੁਮਾਰਖੀ (ਅੰਗ-1168)
: ਬ੍ਰਿਜਮਿੰਦਰ ਕੌਰ (ਜੈਪੁਰ)

ਬਸੰਤੁ ਬਾਣੀ ਭਗਤਾਂ ਕੀ। ਕਬੀਰ ਜੀ ਘਰੁ 1: ਮਉਲੀ ਧਰਤੀ ਮਉਲਿਆ ਅਕਾਸੁ (ਅੰਗ-1193) ਅਤੇ
ਬਸੰਤੁ ਮਹਲਾ 5 ਘਰੁ 1 ਦੁਤੁਕੇ: ਆਜ ਹਮਾਰੈ ਗ੍ਰਿਹਿ ਬਸੰਤ (ਅੰਗ-1180)
: ਪਰਨੀਤ ਕੌਰ ਅਤੇ ਸਿਮਰਲੀਨ ਕੌਰ (ਟੋਰੰਟੋ)

ਅੰਤ ਵਿਚ ਪਰਨੀਤ ਕੌਰ ਅਤੇ ਸਿਮਰਲੀਨ ਕੌਰ ਨੇ ਬਸੰਤ ਕੀ ਵਾਰ ਮਹਲ 5 ਵਿਚ ਦਰਜ ਸ਼ਬਦ ਦੀ ਚੌਂਕੀ ਦੀ ਹਾਜ਼ਰੀ ਭਰੀ। ਅਨੰਦ ਸਾਹਿਬ ਦੇ ਪਾਠ ਤੋਂ ਬਾਅਦ ਅਰਦਾਸ ਕੀਤੀ ਗਈ। ਉਪਰੰਤ ਹੁਕਮਨਾਮਾ ਲੈ ਕੇ ਇਸ ਕੀਰਤਨ ਦਰਬਾਰ ਦੀ ਸਮਾਪਤੀ ਕੀਤੀ ਗਈ।

## ਬਸੰਤ ਰੁੱਤ

ਭਾਰਤ ਵਿਚ ਬਸੰਤ (Spring) ਦੀ ਰੁਤ ਨੂੰ "ਰਿਤੂ ਰਾਜ" (King of Seasons) ਕਿਹਾ ਜਾਂਦਾ ਹੈ। ਸੂਰਜ ਦੀਆਂ ਕਿਰਣਾਂ ਦੀ ਦਿਸ਼ਾ ਧਰਤੀ ਦੇ ਦੱਖਣ ਤੋਂ ਉੱਤਰ ਵਲ ਹੁੰਦੀ ਜਾਂਦੀ ਹੈ ਅਤੇ 21 ਮਾਰਚ ਨੂੰ ਦਿਨ ਅਤੇ ਰਾਤ ਬਰਾਬਰ ਹੋ ਜਾਂਦੇ ਹਨ। ਬਸੰਤ ਵਿਚ ਸਰਦੀ ਘਟਦੀ ਹੈ ਅਤੇ ਮੌਸਮ ਸੁਹਾਵਨਾ ਹੋ ਜਾਂਦਾ ਹੈ। ਇਸ ਜੋਂ ਬਾਅਦ ਧੁੱਪ ਤਿੱਖੀ ਹੋ ਜਾਂਦੀ ਹੈ। ਬਾਰਹ ਮਾਹਾ ਤੁਖਾਰੀ ਵਿਚ ਗੁਰੂ ਜੀ ਲਿਖਦੇ ਹਨ:

"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰ"॥ਅੰਗ 1108॥

ਬਸੰਤ ਵਿਚ ਫੁੱਲ ਖਿੜਦੇ ਹਨ ਅਤੇ ਚਾਰ-ਚੁਫੇਰੇ ਹਰਿਆਵਲ ਦਿਸਦੀ ਹੈ। ਸਭ ਧਰਮਾਂ ਦੇ ਲੋਕ ਆਪਣੇ ਆਪਣੇ ਢੰਗ ਨਾਲ ਇਸ ਦਾ ਸਵਾਗਤ ਕਰਦੇ ਹਨ। ਹਿੰਦੂ "ਬਸੰਤ ਪੰਚਮੀ" ਅਤੇ ਸੂਫੀ ਮਤ ਦੇ ਲੋਕ (ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਪੈਰੋਕਾਰ) ਆਪਣੇ ਪੀਰ ਨੂੰ ਯਾਦ ਕਰਦੇ ਹਨ। ਪਰ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਬਸੰਤ ਰਾਗ ਵਿਚ ਜੋ ਬਾਣੀ ਦਰਜ ਕੀਤੀ ਹੈ ਉਸ ਵਿਚ ਕੁਦਰਤ ਦੀ ਸੁੰਦਰਤਾ ਤੋਂ ਪ੍ਰੇਰਣਾ ਲੈ ਕੇ ਇੱਕ ਸੱਚੇ ਪਰਮਾਤਮਾ ਨਾਲ ਸਾਂਝ ਪਾਉਣ ਦਾ ਉਪਦੇਸ਼ ਦਿੱਤਾ ਗਿਆ ਹੈ।

ਰਾਗ ਮਾਲਾ ਵਿਚ ਬਸੰਤ ਰਾਗ 'ਰਾਗ ਹਿੰਡੋਲ" ਦਾ ਇਕ ਰੂਪ ਕਿਹਾ ਗਿਆ ਹੈ ਜੋ ਕਿ ਬਸੰਤ ਦੀ ਰੁਤ ਦਾ ਮੁੱਖ ਰਾਗ ਹੈ। ਇਹ ਸ਼ਾਮ ਵੇਲੇ ਦਾ ਰਾਗ ਹੈ, ਪਰ ਬਸੰਤ ਵਿਚ ਇਸ ਨੂੰ ਕਿਸੇ ਸਮੇ ਵੀ ਗਾਇਆ ਜਾ ਸਕਦਾ ਹੈ। ਮੌਜੂਦਾ ਮਰਯਾਦਾ ਅਨੁਸਾਰ ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ, ਵਿਚ ਬਸੰਤ ਰਾਗ ਦਾ ਗਾਇਨ ਆਰੰਭ ਕਰਨ ਤੋਂ ਪਹਿਲੇ ਲੋਹੜੀ ਵਾਲੀ ਰਾਤ ਨੂੰ ਇਸ ਬਾਰੇ ਅਰਦਾਸ ਕੀਤੀ ਜਾਂਦੀ ਹੈ ਅਤੇ ਅਗਲੇ ਦਿਨ ਸਵੇਰ (ਮਾਘੀ) ਤੋਂ ਬਸੰਤ ਰਾਗ ਦੇ ਸ਼ਬਦਾਂ ਤੋਂ ਬਾਅਦ ਰੋਜ਼ਾਨਾ ਦਾ ਕੀਰਤਨ ਸ਼ੁਰੂ ਹੰਦਾ ਹੈ।ਬਸੰਤ ਵਿਚ "ਬਸੰਤ ਕੀ ਵਾਰ" ਦੀ ਚੌਂਕੀ ਦਾ ਗਾਇਨ ਕਰ ਕੇ ਸਮਾਪਤੀ ਕੀਤੀ ਜਾਂਦੀ ਹੈ।


ਹੋਲਾ ਮਹੱਲਾ ਯਾਨਿ ਚੇਤ ਵਦੀ ਏਕਮ ਤਕ, ਬਸੰਤ ਰਾਗ ਗਾਇਆ ਜਾਂਦਾ ਹੈ। ਵਦੀ ਏਕਮ ਦਾ ਸੰਬੰਧ ਚੰਦਰਮਾ ਦੇ ਧਰਤੀ ਦੁਆਲੇ 29.5 ਦਿਨਾਂ ਦੇ ਇੱਕ ਚੱਕਰ ਨਾਲ ਹੈ। ਇਸ ਬਿਕ੍ਰਮੀ ਸੰਮਤ ਮੁਤਾਬਕ ਇਕ ਸਾਲ ਵਿਚ 354 ਦਿਨ ਹੁੰਦੇ ਹਨ ਜਿਸ ਨਾਲ ਗੁਰਪੁਰਬਾਂ ਦੀਆਂ ਤਰੀਕਾਂ ਹਰ ਸਾਲ ਬਦਲ ਜਾਂਦੀਆਂ ਹਨ। ਬਿਕ੍ਰਮੀ ਸੰਮਤ ਰੁਤਾਂ ਉਤੇ ਅਧਾਰਿਤ ਨਹੀਂ ਹੈ। ਗੁਰਬਾਣੀ ਵਿਚ ਸਿਰਫ ਰੁਤਾਂ ਦਾ ਵਰਣਨ ਹੈ।

"ਰੁਤਿ ਸਰਸ ਬਸੰਤ ਮਾਹੁ ਚੇਤ ਵੈਸਾਖ ਸੁਖ ਮਾਸੁ ਜੀਉ"॥ਅੰਗ-927॥

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥ਅੰਗ-1108॥

ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਬਸੰਤ ਰੁੱਤ ਦੀ ਲੰਬਾਈ : 1-ਚੇਤ (14 ਮਾਰਚ) ਤੋਂ 31 ਦਿਨ ਅਤੇ 1-ਵਿਸਾਖ (14 ਅਪਰੈਲ) ਤੋਂ ਵਿਸਾਖ ਦੇ ਅਖੀਰ ਤਕ (31 ਦਿਨ), ਕੁਲ 62 ਦਿਨ ਬਣਦੀ ਹੈ। ਇਸ ਕੈਲੰਡਰ ਦਾ ਅਧਾਰ ਰੁੱਤਾਂ ਹਨ ਜੋ ਧਰਤੀ ਦੇ ਸੂਰਜ ਦੁਆਲੇ (ਲਗਭਗ 365.25 ਦਿਨ ਦੇ) ਇੱਕ ਚੱਕਰ ਤੋਂ ਬਣਦੀਆਂ ਹਨ। "ਸੂਰਜ ਏਕੋ ਰੁਤ ਅਨੇਕ"॥ਅੰਗ-12॥

(ਨਾਨਕਸ਼ਾਹੀ 556)



ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ
ਗੁਰਬਾਣੀ ਅਨੁਸਾਰ ਬਸੰਤ ਰੁੱਤ 62 ਦਿਨਾਂ ਦੀ ਹੈ
ਗੁਰੂਨਾਨਕ ਨੇ ਆਪਣੇ ਨਿਆਰੇ ਪੰਥ ਦਾ ਸੰਬਧ ਕੁਦਰਤ/ਪ੍ਰਕ੍ਰਿਤੀ ਨਾਲ ਜੋੜ
ਮੌਜੂਦਾ ਮਰਯਾਦਾ ਅਨੁਸਾਰ ਬਸੰਤ ਰੁੱਤ ਦੀ ਲੰਬਾਈ
47 ਤੋਂ 75 ਦਿਨਾਂ ਦੀ ਹੋ ਰਹੀ ਹੈ!
ਜਾਗੋ ਪਿਆਰਿਓ ਜਾਗੋ !!
ਬਸੰਤ ਰੁੱਤ ਦੀ ਲੰਬਾਈ-62 ਦਿਨ
ਗ੍ਰੀਖਮ ਰੁੱਤ ਦੀ ਲੰਬਾਈ-62 ਦਿਨ
ਸਿਸਿਰ ਰੁੱਤ ਦੀ ਲੰਬਾਈ-60/61
ਹਿਮਕਰ ਰੁੱਤ ਦੀ ਲੰਬਾਈ-60 ਦਿਨ
ਚੇਤ 31
ਵੈਸਾਖ 31
ਜੇਠ 31
ਹਾੜ 31
ਸਾਵਣ 31
ਭਾਦੋਂ 30
ਅੱਸੂ 30
ਕੱਤਕ 30
ਮੱਘਰ 30
ਪੋਹ 30
ਮਾਘ 30
ਫੱਗਣ 30/31
14 ਅਪ੍ਰੈਲ
15 ਮਈ
15 ਜੂਨ
16 ਜੁਲਾਈ
16 ਅਗਸਤ
15 ਸਤੰਬਰ
15 ਅਕਤੂਬਰ
14 ਨਵੰਬਰ
14 ਦਸੰਬਰ
13 ਜਨਵਰੀ
12 ਫਰਵਰੀ
14 ਮਾਰਚ
25 ਹੋਲੀ
੧ੳ

## ‘ਭਾਈ ਕਾਨ੍ਹ ਸਿੰਘ ਨਾਭਾ’ ਦੀਆਂ ਨਿੱਜੀ ਡਾਇਰੀਆਂ’ ਪੁਸਤਕ
## ਸ੍ਰ. ਇਕਬਾਲ ਸਿੰਘ ਲਾਲਪੁਰਾ ਵਲੋਂ ਰਿਲੀਜ਼




12 ਫਰਵਰੀ 2024 ਨੂੰ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਦੇ ਚੇਅਰਮੈਨ ਸਰਦਾਰ ਇਕਬਾਲ ਸਿੰਘ ਲਾਲਪੁਰਾ ਵਲੋਂ ਪੰਜਾਬੀ ਦੇ ਵਿਸ਼ਵ ਪ੍ਰਸਿਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਨਿਜੀ ਡਾਇਰੀਆਂ (1901-1938 ਈ.) ਦਾ ਪੁਸਤਕ ਰੂਪ ਵਿਚ ਸੰਪਾਦਿਤ ਪਹਿਲਾ ਸੰਸਕਰਣ ਅੱਜ ਸੀ ਜੀ ਓ ਕੰਪਲੈਕਸ ਦਿੱਲੀ ਵਿਖੇ ਰਿਲੀਜ਼ ਕੀਤਾ ਗਿਆ। ਇਨ੍ਹਾਂ ਡਾਇਰੀਆਂ ਦੇ ਸੰਪਾਦਿਤ ਸੰਸਕਰਣ ਨੂੰ ਡਾ. ਜਗਮੇਲ ਸਿੰਘ ਭਾਠੂਆਂ ਅਤੇ ਪੰਜਾਬੀ ਯੂਨਵਿਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੀ ਸਾਬਕਾ ਅਸਿਸਟੈਂਟ ਪ੍ਰੋਫੈਸਰ ਡਾ. ਰਵਿੰਦਰ ਕੌਰ ਰਵੀ ਵਲੋਂ ਪੁਸਤਕ ਰੂਪ ਚ ਤਿਆਰ ਕੀਤਾ ਗਿਆ ਹੈ।

ਇਸ ਮੌਕੇ ਸਰਦਾਰ ਲਾਲਪੁਰਾ ਨੇ ਕਿਹਾ ਕਿ ਇਨਾਂ ਵਡਮੁੱਲੀ ਡਾਇਰੀਆਂ ਵਿਚ ਭਾਰਤ ਤੇ ਪੰਜਾਬ ਦਾ ਓਹ ਅਣਲਿਖਿਆ ਇਤਿਹਾਸ ਮੌਜੂਦ ਹੈ, ਜਿਸਦੇ ਖੁਦ ਭਾਈ ਕਾਨ੍ਹ ਸਿੰਘ ਨਾਭਾ ਸਾਖਸ਼ੀ ਰਹੇ ਹਨ। ਉਨ੍ਹਾਂ ਕਿਹਾ ਕਿ ‘ਪਿਉ ਦਾਦੇ ਕਾ ਖੋਲਿ ਡਿਠਾ ਖਜਾਨਾ’ ਦੇ ਮਹਾਂਵਾਕ ਅਨੁਸਾਰ ਨਿਰਸੰਦੇਹ ਇਨ੍ਹਾਂ ਡਾਇਰੀਆਂ ਦੇ ਪ੍ਰਕਾਸ਼ਮਾਨ ਹੋਣ ਸਦਕਾ ਪੰਜਾਬੀ ਪ੍ਰੇਮੀਆਂ ਤੇ ਖੋਜਕਾਰਾਂ ਨੂੰ ਭਾਈ ਕਾਨ੍ਹ ਸਿੰਘ ਜੀ ਦੀ ਸ਼ਖ਼ਸੀਅਤ ਦਾ ਇੱਕ ਹੋਰ ਨਵਾਂ ਪਹਿਲੂ ਵੇਖਣ ਨੂੰ ਮਿਲੇਗਾ। ਸਰਦਾਰ ਇਕਬਾਲ ਸ਼ਿੰਘ ਲਾਲਪੁਰਾ ਨੇ ਕਿਹਾ ਕਿ ਡਾਇਰੀ ਲੇਖਨ ਸਾਹਿਤ ਦੀ ਇੱਕ ਪ੍ਰਮੁੱਖ ਵਿਧਾ ਹੈ ਜਿਸ ਵਿੱਚ ਲੇਖਕ ਦੁਨੀਆ ਤੇ ਸਮਾਜ ਨੂੰ ਆਪਣੀ ਵਿਲੱਖਣ ਤੇ ਵਿਅਕਤੀਗਤ ਕਲਪਨਾ ਸ਼ਕਤੀ ਰਾਹੀਂ ਆਤਮ ਸਾਖਸ਼ਾਤ ਕਰਕੇ ਮਾਨਸਿਕ ਤੌਰ ਤੇ ਆਨੰਦ ਮਹਿਸੂਸ ਕਰਦਾ ਹੈ। ਵਿਸ਼ਵ ਦੇ ਮਹਾਨ ਵਿਅਕਤੀ ਸਦੀਆਂ ਤੋਂ ਡਾਇਰੀ ਲੇਖਨ ਦਾ ਕਾਰਜ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਦੀਆਂ ਡਾਇਰੀਆਂ ਦੇ ਪ੍ਰਕਾਸ਼ਨ ਨਾਲ ਲੇਖਕ ਦੇ ਨਿੱਜੀ ਅਨੁਭਵਾਂ ਤੋਂ ਲੋਕਾਂ ਨੂੰ ਜੀਵਨ ਵਿੱਚ ਸਹੀ ਗਲਤ ਦੀ ਪਹਿਚਾਣ ਲਈ ਪ੍ਰੇਰਨਾ ਮਿਲਦੀ ਹੈ। ਇਸ ਮੌਕੇ ਦਿੱਲੀ ਦੇ ਕਈ ਉਘੇ ਸਿਖ ਆਗੂ ਹਾਜ਼ਰ ਸਨ। ਇਨ੍ਹਾਂ ਡਾਇਰੀਆਂ ਵਿੱਚੋਂ ਲਗਭੱਗ ਸਵਾ ਸੌ ਸਾਲ ਪਹਿਲਾਂ ਦੇ ਪੰਜਾਬ ਦੇ ਜਨਜੀਵਨ ਤੇ ਸੰਸਕ੍ਰਿਤੀ ਦੇ ਦਰਸ਼ਨ ਹੁੰਦੇ ਹਨ। ਫੂਲਕੀਆਂ ਰਿਆਸਤਾਂ ਦੇ ਰਾਜੇ-ਮਹਾਰਾਜਿਆਂ ਦੇ ਨਾਲ-ਨਾਲ ਅੰਗਰੇਜ਼ ਹੁਕਮਰਾਨਾਂ ਦੇ ਕੰਮ-ਕਾਜ ਕਰਨ ਦੇ ਢੰਗ ਤਰੀਕਿਆਂ ਬਾਰੇ ਵੀ ਬੜੀ ਹੀ ਰੋਚਕ ਜਾਣਕਾਰੀ ਡਾਇਰੀਆਂ ਵਿੱਚੋਂ ਉਜਾਗਰ ਹੁੰਦੀ ਹੈ। ਇਨ੍ਹਾਂ ਵਿੱਚ ਨਿਰੇ ਥਾਵਾਂ-ਘਟਨਾਵਾਂ ਦਾ ਜ਼ਿਕਰ ਮਾਤਰ ਨਹੀਂ, ਸਿਧਾਂਤਕ ਨਿਰਖ ਪਰਖ ਵੀ ਮੌਜੂਦ ਹੈ।

ਜਾਰੀ ਕਰਤਾ : ਮੈਸੋਪੋਟਾਮੀਆਂ ਪਬਲਿਸ਼ਰਸ, ਦਿੱਲੀ-8178662496



STATE OF ILLINOIS

EXECUTIVE DEPARTMENT

Proclamation

**WHEREAS,** native to the Punjab region of India and Pakistan, Punjabi is the ninth most widely spoken language in the world; and,

**WHEREAS,** Punjabi has a significant number of speakers in India, Pakistan, the United Kingdom, the United States, Canada, and Australia, as well as smaller communities of speakers in other countries; and,

**WHEREAS,** there are more than 750,000 Punjabi speaking Americans and more than 50,000 Punjabi speaking Illinoisans; and,

**WHEREAS,** the Punjabi Cultural Society of Chicago and the Illinois Punjabi speaking community are committed to preserving, protecting, and sharing Punjabi language, literature, art, culture, and tradition with their fellow Illinoisans;

**THEREFORE,** I, JB Pritzker, Governor of the State of Illinois, do hereby proclaim February 2024 as **Punjabi Language Month** in recognition of the contributions of Punjabi speakers to our communities.

**In Witness Whereof,** I have hereunto set my hand and caused the Great Seal of the State of Illinois to be affixed.

Done at the Capitol in the City of Springfield, this THIRTIETH day of JANUARY, in the Year of Our Lord, two thousand and TWENTY-FOUR, and of the State of Illinois, two hundred and FIFTH.

SEAL OF THE STATE OF ILLINOIS
AUG 26th 1818

Alexi Giannoulias
SECRETARY OF STATE

JB Pritzker
GOVERNOR



,

## MOOL NANAK-SHAHI DATES of GURPURABS
**(Starts from 1–ਚੇਤ March 14th, 1999)**

- ਪਹਿਲੇ ਪੰਜ ਮਹੀਨੇ : 31 ਦਿਨਾਂ ਦੇ : 1–ਚੇਤ (14 ਮਾਰਚ), 1–ਵਿਸਾਖ (14 ਅਪਰੇਲ),
- 1–ਜੇਠ (15 ਮਈ), 1–ਹਾੜ੍ਹ (15 ਜੂਨ), 1–ਸਾਵਣ (16 ਜੁਲਾਈ)

- ਅਗਲੇ ਸੱਤ ਮਹੀਨੇ : 30 ਦਿਨਾਂ ਦੇ : 1–ਭਾਦੋਂ (16 ਅਗੱਸਤ), 1– ਅੱਸੂ (15 ਸਤੰਬਰ), 1–ਕੱਤਕ (15 ਅਕਤੂਬਰ), 1–ਮੱਘਰ (14 ਨਵੰਬਰ), 1–ਪੋਹ (14 ਦਸੰਬਰ),
- 1–ਮਾਘ (13 ਜਨਵਰੀ), 1–ਫੱਗਣ (12 ਫਰਵਰੀ)

- ਫੱਗਣ ਦੇ ਅਖੀਰ ਵਿਚ 4 ਸਾਲਾਂ ਬਾਅਦ ਇੱਕ ਦਿਨ ਜੋੜਨ ਨਾਲ "ਲੀਪ ਵਰ੍ਹੇ" ਦੇ
- (Common or Gregorian Era ਵਾਂਗ) 366 ਦਿਨ ਹੋਣਗੇ।

| Gurpurabs, Festivals and other Events | Nanakshahi | Gregorian |
|---|---|---|
| Guru Har Rai, The 7th Guru's Gur-Gaddi DivasNanakshahi New Year Day | 1 Chet | 14 Mar |
| Guru Hargobind The 6th Guru's Jyoti-Jot Divas | 6 Chet | 19 Mar |
| Birthday of Guru Nanak, The 1st Guru, and The Khalsa Sajna Divas (ਵਿਸਾਖੀ) | 1 Vaisakh | 14 Apr |
| Guru Angad , The 2nd Guru's Jyoti-Jot Divas, Guru Amar Das, The 3rd Guru's Gur-Gaddi Divas, Guru Harkrishan , The 8th Guru's Jyoti-Jot Divas Guru Tegh Bahadur , The 9th Guru's Gur-Gaddi Divas | 3 Vaisakh | 16 Apr |
| Birth Day of Guru Angad, The 2nd Guru Birth Day of Guru Tegh Bahadur. The 9th Guru | 5 Vaisakh | 18 Apr |
| Birthday of Guru Arjan, The 5th Guru | 19 Vaisakh | 2 May |

| Gurpurabs, Festivals and other Events | Nanakshahi | Gregorian |
|---|---|---|
| Birthday of Guru Amar Das, The 3rd Guru | 9 Jeth | 23 May |
| Guru Hargobind, The 6th Guru's Gur-Gaddi Divas | 28 Jeth | 11 Jun |
| Guru Arjan, The 5th Guru's Martyrdom Day | 2 Harh | 16 Jun |
| Foundation Day of Sri Akaal Takht Sahib | 18 Harh | 2 July |
| Birthday of Guru Hargobind, The 6th Guru | 21 Harh | 5 July |
| Miri-Piri is Established by Guru Hargobind | 6 Sawan | 21 July |
| Birthday of Guru Harkrishan, The 8th Guru | 8 Sawan | 23 July |
| Writing of Sri Guru Granth Sahib, The Holy Sikh Scripture, is completed | 15 Bhadon | 30 Aug |
| Sri Guru Granth Sahib is installed at Darbar Sahib (Golden Temple), Amritsar, for the first time | 17 Bhadon | 1 Sep |
| Guru Amar Das Jyoti Jot, Guru Ram Das Gur-Gaddi Guru Ram Das Jyoti-Jot, Guru Arjan Gur-Gaddi Divas | 2 Assu | 16 Sep |
| Guru Angad, The 2nd Guru's Gur-Gaddi Divas | 4 Assu | 18 Sep |
| Guru Nanak, The 1st Guru's Jyoti-Jot Divas | 8 Assu | 22 Sep |

| Gurpurabs, Festivals and other Events | Nanakshahi | Gregorian |
|---|---|---|
| Birthday of Guru Ram Das, The 4th Guru | 25 Assu | 9 Oct |
| Guru Har Rai Jyoti-Jot Divas<br>Guru Harkrishan Gur-Gaddi Divas<br>Sri Guru Granth Sahib is declared "The Next Eternal Guru" by Guru Gobind Singh, The 10th Guru | 6 Katak | 20 Oct |
| Guru Gobind Singh Jyoti-Jot Divas | 7 Katak | 21 Oct |
| Guru Gobind Singh Gur-Gaddi Divas | 11 Maghar | 24 Nov |
| Guru Tegh Bahadur Martyrdom Divas | 11 Maghar | 24 Nov |
| Sahibzadas Ajit Singh and Jujhar Singh, Martyred in the Battle of Chamkaur | 8 Poh | 21 Dec |
| Sahibzadas Zorawar Singh and Fateh Singh Bricked Alive in Sirhind | 13 Poh | 26 Dec |
| Birthday of Guru Gobind Singh, the 10th Guru | 23 Poh | 5 Jan |
| Maghi (Shahhdi of 40 Mukteys) | 1 Magh | 13 Jan |

**ਅਰਦਾਸ ਦੀ ਮਹੱਤਤਾ ਬਾਰੇ ਲੈਕਚਰ – ਕਿਰਪਾਲ ਕੌਰ**

https://youtu.be/JdMBQHKsZBQ

**We are Proud of them**

**New York's two Prominent Sikh Scientists-cum-Engineers.**



**Sardar Jasbir Singh Sethi**, MS (Rutgers University), worked as the Chief Engineer at Brown & Root and designed the *World's First Nuclear Power Plant*. He represented in the US, the journal **'The Sikh Review',** and was a Trustee of the **'US Sikh Foundation'** set up by Dr Narinder Singh Kapany (in 1967). The American Society of Indian Engineers honored him among the "**Most Prominent US Engineers, Designers and Architects**". The NRI Welfare Society honored him with its highest '***Hind Rattan'*** Award.



**Dr Sardar Santokh Singh Badesha** is another very distinguished and highly accomplished Sikh scientist, Ph.D. (University of East Anglia, UK), PDF (University of Leicester, UK), **'Distinguished Professor'** at Purdue University (Indiana, US), Corporate Fellow and Manager **Open Innovation, at Xerox Corporation,** and Teaching Fellow, at Rensselaer Polytechnic Institute, New York. He worked for **NY State and Federal Innovation** Agencies besides Clarkson, Penn State, Purdue, and State University of New York (SUNY). He is Member of the US National Academies of Engineering, Science and Medicine **(NAE, NAS, NAM)** and National Academy of Inventors (NAI) that make the highest-level US policy decisions on Science & Technology. He is Fellow of Punjab Science Congress and Indian Academy of Sciences, Center for Innovation at North Carolina State University (USA), and the Science Council and **Royal Society of Chemistry (UK).** He has **270 U. S. Patents**, has published 450 Invention Disclosures, 55 Research, and 10 White papers and has received numerous top scientific honors.

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**Prof. Dr. Jai Rup Singh**, a Ph.D. from AIIMS, Delhi, was VC- Guru Nanak Dev University and Founder VC of the Central University of Punjab. He is amongst pioneers of Human Genetics in India. Presently, Honorary Professor of Panjab University and Member of Chandigarh UT Committee on Higher Education. He was member of Punjab CM's Advisory Committee on Higher Education. Was President of Indian Society of Human Genetics; Chairman of Indian Genetic Alliance for Prevention of Genetic Disorders & Care of the Families; VP of International Genetic Alliance and World Eye Foundation; Scientific Advisor of GENDIA International Foundation, USA; Fellow of International and Punjab Medical Sciences Academies and a recipient of the Czech Mendel Medal, Jaswant Singh Rai Memorial, Punjab Government and many other Awards. He has published four books, 11 manuals, over 100 papers and delivered over 60 talks in 12 countries. He is a Visiting Professor at many European and South American Universities.

**ਡਾ. ਚਮਕੌਰ ਸਿੰਘ ਬਰਾੜ,** ਪੀ. ਐਚ ਡੀ. (ਸੈਨ ਡੀਏਗੋ, ਕੈਲੀਫੋਰਨੀਆ, ਅਮਰੀਕਾ ਨਿਵਾਸੀ) ਵੈਟਰਨਰੀ ਡਾਕਟਰ ਹਨ ਅਤੇ 1992 ਤੋਂ ਯੂ.ਐਸ.ਏ. ਵਿੱਚ ਅਭਿਆਸ ਕਰ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਗ੍ਰੈਜੂਏਸ਼ਨ ਕੀਤਾ ਹੈ। ਸਨ 1981 ਵਿੱਚ ਲੁਧਿਆਣਾ, ਨਿਰਮਲਾ ਸੰਪਰਦਾ ਤੋਂ ਗੁਰਬਾਣੀ ਦੀ ਵਿਆਖਿਆ ਸਿਖੀ ਹੈ।

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ** ਦੇ ਲੇਖ, ਗਜ਼ਲਾਂ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (E-mail: gurdish.grewal@gmail.com)

**ਡਾ. ਕਾਬਲ ਸਿੰਘ,** ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਮਹੱਤਵਪੂਰਣ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। (E-mail: singhkabal285@gmail.com)

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ. ਕਰ ਕੇ ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਨਾਲ ਹੀ ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca)

**ਡਾ. ਹਰਸ਼ਿੰਦਰ ਕੌਰ** ਐੱਮ.ਡੀ. ਹਨ। ਲੈਕਚਰ ਦੇ ਕੇ ਸਮਾਜ ਵਿਚ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਕਈ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਸਰਕਾਰ ਤੋਂ ਪੁਰਸਕਾਰ ਅਤੇ ਸਿੱਖ ਰੋਲ ਮਾਡਲ ਸਨਮਾਨ ਮਿਲੇ ਹਨ। ਸੰਯੁਕਤ ਰਾਸ਼ਟਰ ਮੀਡੀਆ, 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ', ਰੋਟਰੀ ਵੋਕੇਸ਼ਨਲ ਅਵਾਰਡ, ਅਤੇ ਕੈਨੇਡਾ ਤੇ ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤ ਹਨੇ। ਕਈ ਟੀ. ਵੀ. ਚੈਨਲਾਂ ਨੇ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਹਨ।

**ਸਰਦਾਰ ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ (XEN) ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ-ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (E-mail: ksnoor50@gmail.com. )

**ਸਰਦਾਰ ਜਸਵਿੰਦਰ ਸਿੰਘ ਰੁਪਾਲ**, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਕਵਿਤਾ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਵਿਚ ਰੁਚੀ ਰੱਖਦੇ ਹਨ। ਸਾਹਿਤਕ ਅਤੇ ਵਿਗਿਆਨਕ ਵਿਸ਼ਿਆਂ ਤੇ 30 ਸਾਂਝੀਆਂ ਪੁਸਤਕਾਂ ਵਿੱਚ ਰਚਨਾਵਾਂ ਛਪੀਆਂ ਹਨ। ਦੇਸ਼ ਵਿਦੇਸ਼ ਦੇ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਲਿਖਤਾਂ ਛਾਪਦੇ ਆ ਰਹੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। ਫੋਨ 91 9814715796 (E-mail: rupaljs@gmail.com).

**ਪ੍ਰੋਫੈਸਰ (ਡਾ.) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸਿਜ਼) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਦੋ ਨਵੇਂ ਇੰਜੀਨਿਅਰਿੰਗ ਕਾਲਜਾਂ ਦੀਆਂ ਪ੍ਰਾਜੈਕਟ ਰਿਪੋਰਟਾਂ ਤਿਆਰ ਕਰ ਕੇ, ਭਾਰਤ ਸਰਕਾਰ ਤੋਂ ਪ੍ਰਵਾਨਗੀ ਲਈ ਅਤੇ ਨਵੇਂ ਕਾਲਜ ਬਣਾਏ। ਸਿਖਲਾਈ/ਕਾਨਫਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀਐਚ.ਡੀ. ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਸੂਚੀਬੱਧ ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। (E-mail: surjitsinghbhatti@gmail.com., sanjhivirasat13@gmail.com).

**ਸ੍ਰੀਮਤੀ ਨਰਿੰਦਰ ਕੌਰ** ਨੇ ਪੰਜਾਬ ਯੂਨੀਵਰਸਿਟੀ ਤੋਂ ਐਮ. ਏ. (ਅਰਥ ਸ਼ਾਸਤਰ) ਕੀਤੀ, ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਤੋਂ ਐਮ.ਏ. (ਸਮਾਜ ਵਿਗਿਆਨ) ਕਰ ਕੇ, (ਅਤੇ ਗੋਲਡ ਮੈਡਲ ਨਾਲ) ਐਮ.ਐਸ.ਸੀ. (ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸ ਤੋਂ ਬਾਅਦ ਉਨ੍ਹਾਂ ਨੇ ਖਾਲਸਾ ਕਾਲਜ, ਅੰਮ੍ਰਿਤਸਰ, ਵਿੱਚ ਲਾਇਬ੍ਰੇਰੀਅਨ ਵਜੋਂ (1980 ਤੋਂ 2005 ਤਕ)' ਕੰਮ ਕੀਤਾ। ਅਜਕਲ ਕੈਲਗਰੀ ਵਿੱਚ ਰਹਿੰਦੇ ਹਨ।

**ਸਲੀਮ ਆਫ਼ਤਾਬ ਸਲੀਮ ਕਸੂਰੀ** : ਮਾਸਟਰ ਸਿਆਸਿਆਤ, ਸਦਰ ਅੰਜੁਮਨ ਸ਼ੇਅਰ-ਓ-ਅਦਬੀ ਕਸੂਰ, ਸੈਕਟਰੀ ਬੁੱਲ੍ਹੇ ਸ਼ਾਹ ਅਦਬੀ ਸੰਗਤ ਕਸੂਰ, ਸ਼ਾਇਰ, ਲੇਖਕ, ਕਹਾਣੀ ਕਾਰ ਅਤੇ ਪੰਜਾਬੀ ਅਨੁਵਾਦਕ ਤਿਨ ਪੰਜਾਬੀ ਕਿਤਾਬਾਂ ਸ਼ਾਇਰੀ, ਕਹਾਣੀ ਅਖ਼ਬਾਰੀ ਕਾਲਮ ਆਫ਼ਤਾਬ ਨਾਮੇ ਸਲੀਮ ਆਫ਼ਤਾਬ ਸਲੀਮ ਕਸੂਰੀ, ਕੋਟ ਪੀਰਾਂ ਸ਼ਹਿਰ ਕਸੂਰ (ਲਹਿੰਦਾ ਪੰਜਾਬ) 03004662307.

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ "ਅਨਮੋਲ ਲਿਪੀ" ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਭੇਜੋ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦਿਓ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ *sanjihivrasat.org* ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਇਹ ਦੇਖਣਾ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** : To Promote Punjabi Culture, History and Heritage. (Secular, Non-Political, Non-Personal Articles/Poems, after Review).
2. **Editorial Board** : Will not be responsible for views of Authors / Poets.
3. **Font size 12/14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website *(sanjhivirasat.org)* or serialized.
9. **Copy-Right** (CR) : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸਲਾਹਕਾਰ

| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਐਡੀਟੋਰੀਅਲ ਬੋਰਡ
(Editorial Board)



ਡਾ. ਰਾਜਾ ਬਲਰਾਜ ਸਿੰਘ


ਗੁਰਦੀਸ਼ ਕੌਰ ਗਰੇਵਾਲ


ਪ੍ਰੋਫ਼ੈਸਰ ਮਨਿੰਦਰ ਸਿੰਘ


ਡਾ. ਕਾਬਲ ਸਿੰਘ


ਡਾ. ਬਲਦੇਵ ਸਿੰਘ


ਸ. ਜਗਬੀਰ ਸਿੰਘ ਕੋਹਲੀ


ਸ. ਪਰਮਜੀਤ ਸਿੰਘ


ਪ੍ਰਿੰਸੀਪਲ ਮਨਮੋਹਨ ਕੌਰ


ਸ੍ਰ. ਉਂਕਾਰ ਸਿੰਘ ਟਿਵਾਣਾ


ਡਾ. ਰਾਜਬੀਰ ਸਿੰਘ ਭੱਟੀ


ਸ੍ਰ. ਯੁਵਰਾਜ ਸਿੰਘ


ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ




ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh
(Technical Astt.)